
ਸਰਪ੍ਰਸਤ ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿ

ਮਾਸਕ ਪੱਤਰ

# ਅਜੂਨੀ

ਮਾਰਚ-ਮਈ 1975

## ਬੈਕੁੰਠ ਧਾਮ





ਊਨਾ ਸਾਹਿਬ ਵਿਚ ਪਹਿਲਾ ਧੂਣਾ ਲਾਣ ਵਾਲੇ ਸ੍ਰੀ ਬਾਬਾ ਕਲਾਧਾਰੀ ਜੀ—
ਗੁਰੂ ਨਾਨਕ ਪਾਤਿਸ਼ਾਹ ਦੀ ਅਠਵੀਂ ਸੰਤਾਨ ਤੇ ਗੁਰੂ ਗੋਬਿੰਦ ਸਿੰਘ ਜੀ
ਦੇ ਨਿਕਟ ਵਰਤੀ ਦਾ ਅਸਥਾਨ, ਜਿਥੇ ਦੀ ਪੂਜਾ ਸਦਾ ਹੁੰਦੀ ਆਈ ਹੈ,
ਆਪ ਦੇ ਦਰ ਤੇ ਆਪ ਦੇ ਬਾਰਿਕ —ਬਾਬਾ ਮਧੁਸੂਦਨ ਸਿੰਘ ਜੀ ।

ਸਬ ਹੈਲਦ ਸੈਂਟਰ, ਮਨਸੂਰਾਂ



ਸ. ਸੇਵਾ ਸਿੰਘ ਜੀ I.A.S. ਸਾਹਿਬ ਡਿਪਟੀ ਕਮਿਸ਼ਨਰ ਲੁਧਿਆਣਾ, ਆਪਣੇ ਹਥੀਂ ਉਦਘਾਟਨ ਕਰ ਰਹੇ ਹਨ, ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨਾਲ ਖੜੇ ਹਨ ।




ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ—ਸਬ ਹੈਲਥ ਸੈਂਟਰ, ਮਨਸੂਰਾਂ, ਦਮਦਮਾ ਅਸਥਾਨ । ਗਰੀਬ ਗੁਰਸਿਖਾਂ ਤੇ ਸਰਬੱਤ ਸੰਗਤ ਲਈ ਮੁਫਤ ਦੁਆਈਆਂ ਦਿਤੀਆਂ ਜਾਣਗੀਆਂ ।

੧ ਓ

ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ-ਨਸ਼ੀਨ, ਗੁਰਗੱਦੀ ਸ੍ਰੀਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ

ਸਰ-ਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 6 ] ਮਾਰਚ, ਅਪਰੈਲ, ਮਈ 1975 ਅੰਕ 3, 4, 5


# ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥

ਗੁਰੁ ਗੋਪਾਲੁ ਗੁਰੁ ਗੋਵਿੰਦਾ ॥ ਗੁਰੁ ਦਇਆਲੁ ਸਦਾ ਬਖਸਿੰਦਾ ॥
ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ ॥

ਗੁਰੁ ਸਿਮਰਤ ਸਭ ਕਿਲਵਿਖ ਨਾਸਹਿ ॥ ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥
ਗੁਰੁ ਸਿਮਰਤ ਮਨੁ ਨਿਰਮਲੁ ਹੋਵੈ, ਗੁਰ ਕਾਟੇ ਅਪਮਾਨਾ ਹੇ ॥

ਗੁਰ ਕਾ ਸੇਵਕ ਨਰਕ ਨ ਜਾਏ ॥ ਗੁਰ ਕਾ ਸੇਵਕ ਪਾਰਬ੍ਰਹਮ ਧਿਆਏ ॥
ਗੁਰ ਕਾ ਸੇਵਕੁ ਸਾਧ ਸੰਗੁ ਪਾਏ, ਗੁਰ ਕਰਦਾ ਨਿਤ ਜੀਅ ਦਾਨਾ ਹੇ ॥

ਗੁਰਦੁਆਰੈ ਹਰਿ ਕੀਰਤਨ ਸੁਣੀਐ ॥ ਸਤਿਗੁਰ ਭੇਟਿ ਹਰਿਜਸੁ ਮੁਖ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ, ਹਰਿ ਦਰਗਹ ਦੇਵੈ ਮਾਨਾ ਹੇ ॥...

ਗੁਰ ਮਿਲਿਐ ਸਭ ਤ੍ਰਿਸਨ ਬੁਝਾਈ ॥ ਗੁਰਿ ਮਿਲਿਐ ਨਹ ਜੋਹੈ ਮਾਈ ॥
ਸਤੁ ਸੰਤੋਖੁ ਦੀਆ ਗੁਰੁ ਪੂਰੇ, ਨਾਮੁ ਅੰਮ੍ਰਿਤੁ ਪੀ ਪਾਨਾ ਹੇ ॥

(ਮਾਰੂ ਸੋਲਹੇ ਮ: ੫)

# ਪੰਜਵੇਂ ਗੁਰੂ ਨਾਨਕ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ
# ਸ੍ਰੀ ਸੁਖਮਨੀ ਸਾਹਿਬ ਦੁਆਰਾ
# ਅੰਮ੍ਰਿਤ ਉਪਦੇਸ਼


ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥
ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥
ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ ਸਾਧਸੰਗਿ ਬਿਛੁਰਤ ਹਰਿ ਮੇਲਾ ॥
ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ ਜਾਵੈ ॥
ਪਾਰਬ੍ਰਹਮੁ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥੬॥

ਅਰਥ—ਸਾਧ ਸੰਗਤਿ ਕਰ ਕੇ (ਤਪ ਆਦਿਕਾਂ ਦੀ) ਕੋਈ ਔਖੀ ਮਿਹਨਤ ਨਹੀਂ ਕਰਨੀ ਪੈਂਦੀ। (ਉਹਨਾਂ ਦਾ) ਦੀਦਾਰ ਯਾ ਦਰਸ਼ਨ ਕਰ ਕੇ ਹੀ ਮਨੋਂ ਬਾਂਛਤ ਖੁਸ਼ੀਆਂ ਪਰਾਪਤ ਹੋ ਜਾਂਦੀਆਂ ਹਨ। ਪਰ ਸਾਧ ਭੇਖੀ ਵਿਖਾਵੇ ਵਾਲਾ ਨਾ ਹੋਵੇ। ਸਾਧੂ ਦੀ ਸੰਗਤ ਨਾਲ ਪਾਪ ਤੇ ਆਪਾਂ ਦੀ ਕਾਲਖ ਹਟ ਜਾਂਦੀ ਹੈ। ਨਰਕ ਦੂਰ ਹੋ ਜਾਂਦਾ ਹੈ। ਸਾਧੂ ਦੀ ਸੰਗਤ ਨਾਲ ਇਹ ਲੋਕ ਤੇ ਪਰਲੋਕ ਵਿਚ ਸੁਖ ਮਿਲਦਾ ਹੈ। ਪ੍ਰਭੂ ਤੋਂ ਵਿਛੜਿਆ ਵੀ ਹਰੀ ਨੂੰ ਮਿਲ ਜਾਂਦਾ ਹੈ। ਜੋ ਮਨੋਂ ਕਾਮਨਾ ਕਰੇ ਸੋ ਪੂਰੀ ਹੋ ਜਾਂਦੀ ਹੈ। ਸਾਧ ਦੀ ਸੰਗਤ ਵਿਚ ਕੋਈ ਮੁਰਾਦ ਨਿਸਫਲ ਨਹੀਂ ਜਾਂਦੀ। ਪਰਮੇਸ਼ਰ ਜੋ ਬੇਅੰਤ ਹੈ ਉਹ ਸਾਧੂ ਦੇ ਹਿਰਦੇ ਵਿਚ ਵਸਦਾ ਹੈ। ਗੁਰੂ ਨਾਨਕ ਜੀ ਕਹਿੰਦੇ ਹਨ (ਉਸ ਪ੍ਰਭੂ ਦਾ ਨਾਮ) ਸਾਧਾਂ ਦੀ ਜੀਭਾ ਤੋਂ ਸੁਣ ਕੇ (ਮਾਨੁਸ਼ ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ।

ਸਿਧਾਂਤ— ਸੰਸਾਰ ਭਰਿਆ ਪਿਆ ਹੈ ਬੁਲਾਰਾਂ ਨਾਲ, ਕਰਮ ਕਾਂਡੀਆਂ ਨਾਲ, ਟਾਵੇਂ ਟਾਵੇਂ ਤਪੇ ਤਪੀਸ਼ਰਾਂ ਨਾਲ। ਤਪਾ ਕਹਿੰਦੇ ਹਨ ਉਸ ਨੂੰ, ਜੋ ਆਤਮਾ ਦੀ ਸ਼ੁਧੀ ਵਾਸਤੇ ਸਰੀਰ ਨੂੰ ਦੁਖ ਦੇਣਾ ਮੁਨਾਸਬ ਸਮਝੇ। ਪੈਰ ਦੇ ਅੰਗੂਠੇ ਭਾਰ ਖਲੋਣਾ, ਬਾਹਵਾਂ ਉਚੀਆਂ ਕਰ ਪੱਬਾਂ ਦੇ ਭਾਰ ਹੀ ਖੜੇ ਰਹਿਣਾ, ਨਾਖੂਨ ਵਧਾ ਲੈਣੇ, ਖਾਣਾ ਪੀਣਾ ਛਡ ਦੇਣਾ। ਗੁਰੂ ਜੀ ਕਹਿੰਦੇ ਹਨ ਹੇ ਭਾਈ ! ਇਹ ਘਾਲਣਾ ਘਾਲਣ ਨਾਲੋਂ ਸਾਧ ਦੀ ਸੰਗਤ ਕਰ, ਮੋਖਸ਼ ਦਰਸ਼ਨ ਤੇ ਹੀ ਪਰਾਪਤੀ ਹੋ ਜਾਵੇਗੀ। ਇਕ ਫਾਰਸੀ ਦਾ ਕਵੀ ਕਹਿੰਦਾ ਹੈ—(ਆਂਕੇ ਪਾਕੀਜ਼ਾ ਦਿਲ ਅਸਤ ਅਰ ਬਿਨਸ਼ਨੀਦ ਖਾਮੋਸ਼) ਜਿਸ ਦਾ ਦਿਲ ਸਾਧਿਆ ਹੋਇਆ ਹੈ ਉਸ ਕੋਲ ਜਾ ਬੈਠੋ ਅਰ ਉਹ ਚੁਪ ਹੀ ਰਹੇ ਤਾਂ ਵੀ [ਹਮਾ ਅਜ਼ ਸੀਰਤੇ ਸਾਫੀਅਸ਼ ਨਸੀਹਤ ਸ਼ੁਨਵੰਦ] ਉਸ ਦੇ ਆਚਰਣ ਤੋਂ ਹੀ ਰੋਮ ਰੋਮ ਵਿਚੋਂ ਨਾਮ ਦਾ ਪ੍ਰਕਾਸ਼ ਦੇਖ ਕੇ ਮਨ ਸ਼ਾਂਤ ਹੋ ਜਾਏਗਾ ਤੇ ਆਤਮਾ ਦੀ ਪਰਖ ਆ ਜਾਇਗੀ।

ਦਰਸ਼ਨ ਭੇਟਤ ਹੋਤ ਨਿਹਾਲ ॥

# ਆਰਤੀ



## "ਧੂਪ ਦੀਪ ਘ੍ਰਿਤ ਸਾਜ ਆਰਤੀ"

(ਵਲੋਂ—ਮੁਨਸ਼ੀ ਜਸਵੰਤ ਸਿੰਘ ਜੀ ਊਨਾ ਸਾਹਿਬ)

ਜਿਸ ਵੇਲੇ ਲਾਹੌਰ ਵਾਸੀ ਕਰੋੜੀਆ ਖੱਤਰੀ ਸ਼ਰਧਾ ਧਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਇਆ ਤੇ ਗੁਰੂ ਜੀ ਦਾ ਹੁਕਮ ਲੈ ਕੇ ਆਪਣੀ ਜ਼ਮੀਨ ਵਿਚ ਗੁਰਦੁਆਰਾ ਬਣਾਇਆ ਸਾਰਾ ਗੁਰਦੁਆਰਾ ਮੁਕੰਮਲ ਹੋ ਜਾਣ ਪਰ ਉਸ ਵਿਖੇ ਬੜਾ ਸੁੰਦਰ ਪਲੰਘ ਡਾਹ ਕੇ, ਉਪਰ ਬੜਾ ਸੋਹਣਾ ਬਿਸਤਰਾ ਵਿਛਾ ਕੇ, ਸਭ ਸਮੱਗਰੀ ਰਖ ਕੇ ਗੁਰੂ ਜੀ ਪਾਸ ਆਕੇ ਬੇਨਤੀ ਕੀਤੀ ਕਿ—

"ਗਰੀਬ ਨਿਵਾਜ ਜੀਓ ! ਮੰਦਰ ਤਿਆਰ ਹੋ ਚੁਕਾ ਹੈ, ਆਪ ਚਲ ਕੇ ਉਸ ਵਿਖੇ ਚਰਨ ਪਾਓ ਜੀ।" ਉਹਦੀ ਬੇਨਤੀ ਪਰਵਾਨ ਕਰ ਕੇ ਜਿਸ ਵੇਲੇ ਗੁਰੂ ਜੀ ਪਲੰਘ ਪਰ ਬਿਰਾਜਮਾਨ ਹੋਏ ਤਿਸ ਵੇਲੇ ਉਸ ਖੱਤਰੀ ਨੇ ਸਭ ਸੰਗਤ ਸਮੇਤ ਦੀਵੇ ਬਾਲ ਕੇ ਗੁਰੂ ਜੀ ਦੀ ਆਰਤੀ ਕੀਤੀ—

ਸ੍ਰੀ ਕਰਤਾਰ ਪੁਰਾ ਧਰ ਨਾਮੂ।
ਧਰਮਸਾਲ ਇਕ ਰਚ ਅਭਿਰਾਮੂ।
ਕਰ ਬਿਨਤੀ ਸਤਿਗੁਰੂ ਅਗਾਰੀ।
ਲੇ ਕਰ ਗਮਨਿਉਂ ਤਾਹਿ ਮਝਾਰੀ।
ਬਹੁ ਸੁੰਦਰ ਪ੍ਰਯੰਕ ਡਸਾਯੋ।
ਊਪਰ ਰੁਚਿਰ ਵਿਛੌਣਾ ਛਾਯੋ ।
ਤਹਾ ਬੈਠਾਇ ਭਾਉ ਕਰ ਭਾਰੀ।
ਦੀਪ ਜਗਾਇ ਆਰਤੀ ਉਤਾਰੀ। (ਨਾਨਕ ਪ੍ਰਕਾਸ਼ ਧਿਆਯ ੩੦)

[੨] ਆਰਤੀ ਦੀਪ ਜਗਾ ਕੇ ਹੁਣ ਵੀ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹੁੰਦੀ ਹੈ।

[੩] ਬੁਢਾ ਦਲ ਵਿਚ ਜੋਤ ਜਗਾਇਕੇ ਆਰਤੀ ਕਰਦੇ ਹਨ ਉਹਨਾਂ ਵਿਚ ਦਸਮ ਪਾਤਸ਼ਾਹ ਦਾ ਇਕ ਸ੍ਵਯਾ ਹੈ — "ਦੇਹ ਅਸੀਸ ਸਭੈ ਸੁਰਿ ਨਾਰਿ ਸੁਧਾਰ ਕੈ ਆਰਤੀ ਦੀਪ ਜਗਾਇਓ।"

[੪] ਸ੍ਰੀ ਅੰਮ੍ਰਿਤਸਰ ਵਿਖੇ ਸਭ ਤੋਂ ਪੁਰਾਣੀ ਟਕਸਾਲ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਦੇ ਡੇਰੇ ਤੇ— ਜਿਥੇ ਕਿ ਮਹੰਤ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਗਲੀ ਸੱਤੋ ਵਾਲੀ— ਉਥੇ ਵੀ ਅਖੰਡ ਪਾਠ ਸਮੇਂ ਹੁਣ ਤਕ ਆਰਤੀ ਹੁੰਦੀ ਹੈ।

[੫] ਸ੍ਰੀਮਾਨ ਪੰਡਿਤ ਨਿਹਚਲ ਸਿੰਘ ਜੀ ਯਮਨਾ ਨਗਰ ਵਿਖੇ ਵੀ ਦੀਪ ਜਗਾ ਕੇ ਹੀ ਆਰਤੀ ਹੁੰਦੀ ਹੈ।

[੬] ਹੋਰ ਵੀ ਅਨੇਕਾਂ ਮਹਾ-ਪੁਰਸ਼ਾਂ ਦੇ ਡੇਰਿਆਂ ਤੇ ਪੂਰਨ ਮਰਯਾਦਾ ਅਨੁਸਾਰ ਦੀਏ ਜਗਾ ਕੇ ਆਰਤੀ ਹੁੰਦੀ ਹੈ।

[੭] ਊਨਾ ਸਾਹਿਬ ਵਿਚ ਪੁਰਾਣੀ ਰੀਤੀ ਨੂੰ ਮੁਖ ਰਖਦਿਆਂ ਹੋਇਆਂ ਅਜੇ ਤਕ ਆਰਤੀ ਦੀਪ ਜਗਾ ਕੇ ਹੀ ਕਰਦੇ ਹਨ।

ਫੂਲ ਸੁਗੰਧ ਸੁ ਅਛੱਤ ਦਛਨ ਜਛਨ ਜੀਤ ਕੋ ਗੀਤ ਸੁਨਾਇਓ।
ਧੂਪ ਜਗਾਇ ਕੈ ਸੰਖ ਬਜਾਇ ਕੈ ਸੀਸ ਨਿਵਾਇ ਕੈ ਬੇਨ ਸੁਨਾਇਓ।
ਹੇ ਜਗ ਮਾਇ ਸਦਾ ਸੁਖ ਦਾਇ ਤੈਂ ਸੁਭ ਕਉ ਘਾਇ ਬਡੋ ਜਸ ਪਾਇਓ॥

[੮] ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਤਗੀਰ ਦੇ ਬੇਟੇ ਨੂੰ ਨਾਲ ਲੈ ਕੇ ਲਖਾਂ ਪਾਤਾਲ ਤੇ ਲਖਾਂ ਆਕਾਸ਼ ਦਿਖਾਏ ਤਾਂ ਦਸਤਗੀਰ ਦੇ ਬੇਟੇ ਨੇ ਕਿਹਾ "ਜੋ ਕੁਝ ਆਪ ਜੀ ਨੇ ਫੁਰਮਾਇਆ ਹੈ ਕਿ ਲਖਾਂ ਪਾਤਾਲ ਹਨ ਤੇ ਲਖਾਂ ਆਕਾਸ਼ ਹਨ ਸੋ ਮੈਂ ਨੇ ਅਖਾਂ ਸੇ ਦੇਖ ਕੇ ਠੀਕ ਨਿਸ਼ਚਾ ਕਰ ਲਿਆ ਹੈ, ਹੁਣ ਵਾਪਸ ਚਲੀਏ।"

ਤਾਂ ਗੁਰੂ ਜੀ ਨੇ ਕਿਹਾ "ਇਕ ਪਾਤਾਲ ਵਿਖੇ ਸੰਗਤ ਉਡੀਕ ਰਹੀ ਹੈ, ਉਥੋਂ ਦਾ ਨਜ਼ਾਰਾ ਵੇਖ ਲੇ; ਨਾਲੇ ਪ੍ਰਸ਼ਾਦਿ ਲੈ ਕੇ ਜਾਵੀਂ।" ਇਤਨੀ ਗਲ ਕਹਿ ਕੇ ਜਦੋਂ ਉਸ ਪਾਤਾਲ ਵਿਚ ਆ ਪਹੁੰਚੇ ਤਾਂ ਸਭ ਸੰਗਤਾਂ ਨੇ ਉਠ ਕੇ ਮਹਾਰਾਜ ਦੇ ਚਰਨਾਂ ਤੇ ਨਿਮਸਕਾਰ ਕੀਤੀ, ਫਿਰ ਸਭਾ ਵਿਚ ਬਿਠਾ ਕੇ ਸਾਰਿਆਂ ਨੇ ਆਰਤੀ ਕੀਤੀ।

ਯਥਾ— ਸ੍ਰੀ ਗੁਰ ਕੋ ਅਵਲੋਕਾ ਜਬ ਹੀਂ।
ਉਰ ਭਰ ਹਰਖ ਉਠੇ ਸਭ ਤਬ ਹੀਂ।
ਪਦ ਪੰਕਜ ਪਰ ਬੰਦਨ ਧਾਰੀ।
ਬੈਠਾਰੇ ਪੁਨ ਸਭਾ ਮਝਾਰੀ।
ਦੀਪ ਬਾਲ ਆਰਤੀ ਉਤਾਰੀ।
ਪੂਜਨ ਕੀਨ ਪ੍ਰਸੰਨ ਉਚਾਰੀ।
ਕਰ ਪੰਚਾਮ੍ਰਤ ਕੋ ਭਲ ਰੀਤੀ।
ਕੀਜ ਅਰਦਾਸ ਖਰੇ ਯੁਤ ਪ੍ਰੀਤੀ। [ਅਮੀਰ ਭੰਡਾਰ ੩੯੮]

[੯] ਜਿਸ ਵੇਲੇ ਗੁਰੂ ਸਾਹਿਬ ਜੀ ਸੰਗਲਾਦੀਪ ਵਿਖੇ ਗਏ ਤੇ ਰਾਜੇ ਸ਼ਿਵ ਨਾਭ ਨੂੰ ਸ਼ਰਧਾ ਆ ਗਈ ਉਸ ਵੇਲੇ ਭੀ ਉਸ ਨੇ ਦੀਵੇ ਬਾਲਕੇ ਹੀ ਆਰਤੀ ਕੀਤੀ ਸੀ।

[੧੦] ਅੰਮ੍ਰਿਤਸਰ ਪੁਰਾਣੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੀ ਸੰਧਿਆ ਸਮੇਂ ਇਕ ਪੰਡਿਤ ਰੋਜ਼ਾਨਾ ਆਰਤੀ ਜਗਾ ਕੇ ਲਿਆਉਂਦਾ ਸੀ ਤੇ ਸਚੇ ਪਾਤਸ਼ਾਹ ਦੇ ਅਗੇ ਆਰਤੀ ਹੁੰਦੀ ਸੀ।

ਸਤਿਗੁਰੂ ਕਰੇ, ਫਿਰ ਸਾਡੇ ਹਿਰਦੇ ਵਿਚ ਪਿਆਰ ਜਾਗੇ ਤੇ ਸਭੇ "ਧੂਪ ਦੀਪ ਘਿਰਤ ਸਾਜ ਆਰਤੀ; ਵਾਰਨੇ ਜਾਉ ਕਮਲਾ ਪਤੀ॥" ਇਸ ਪਰਕਾਰ ਸਭ ਸਤਿਗੁਰੂ ਜੀ ਅਗੇ ਆਰਤੀ ਕੀਤਾ ਕਰਨ ਕਿਉਂਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਅਸੀਂ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ ਸਮਝਦੇ ਹਾਂ। ਸਾਕਾਤ ਅਗੇ ਹੀ ਆਰਤੀ ਕੀਤੀ ਜਾਂਦੀ ਹੈ।

# ਸ਼ਰਧਾ ਦੇ ਫੂਲ

ਇਹ ਸ਼ਰਧਾ ਦੇ ਫੂਲ ਸ੍ਰੀ ਹਜ਼ੂਰ ਰਾਜਾ ਜੋਗੀ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲਿਆਂ ਦੇ ਯਾਦਗਾਰੀ ਗੁਰਦਵਾਰਾ ਸ੍ਰੀ ਦਮਦਮਾ ਸਾਹਿਬ ਨਾਭਾ (ਪਟਿਆਲਾ) ਵਿਖੇ ਆਪ ਦੇ ਜਨਮ ਉਤਸਵ ਦੀ ਖੁਸ਼ੀ ਵਿਚ ਸੱਜੇ ਚੌਥੇ ਵਾਰਸ਼ਕ ਧਾਰਮਿਕ ਸਮਾਗਮ ਸਮੇਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਅਤੇ ਸਾਧ-ਸੰਗਤ ਨੂੰ ਮਿਤੀ ੨੨-੩-੭੫ ਐਤਵਾਰ ਦੇ ਸ਼ੁਭ ਦਿਹਾੜੇ ਅਤੀ ਸਤਿਕਾਰ ਸਹਿਤ ਭੇਟਾ ਕੀਤੇ ਗਏ ।

ਬਾਬਾ ਸਾਹਿਬ ਸਿੰਘ ਜੀ ਬੇਦੀ ਕੁਲ ਅੰਦਰ, ਪਰਗਟ ਹੋਏ ਪਰਸੰਨ ਜਹਾਨ ਹੋਇਆ ।
ਆਇਆ ਖਾਸ ਦਸਮੇਸ਼ ਦਾ ਵਰ ਲੈ ਕੇ, ਖਿੜੀ ਧਰਤ ਰੌਸ਼ਨ ਆਸਮਾਨ ਹੋਇਆ ।
ਰਾਜਾ — ਜੋਗੀ — ਤੇਜੱਸਵੀ — ਤੇਜ ਧਾਰੀ, ਮਹਾਂ ਬਲੀ ਯੋਧਾ ਕਲਾਵਾਨ ਹੋਇਆ ।
ਦੀਨਾਂ ਦੁਖੀਆਂ ਤੇ ਦਿਆਵਾਨ ਹੋਇਆ, ਦੁਸ਼ਟਾਂ ਦੋਖੀਆਂ ਤੇ ਕਹਿਰਵਾਨ ਹੋਇਆ ।

ਬੇੜੀ ਪਾਪ ਦੀ ਭੰਵਰ ਡਬੋ ਦਿਤੀ, ਲਹਿਰਾਂ ਸਾਗਰੀ ਖੁਸ਼ੀ ਚਿ ਘੁਮਣ ਲਗੀਆਂ ।
ਤਰੰਗ ਖੁਸ਼ੀ ਦੀ ਖੰਡ ਬ੍ਰਹਿਮੰਡ ਛੋਹੇ; ਕਿਰਨਾਂ ਸੂਰਜੀ ਪੈਰ ਤੇਰੇ ਚੁਮਣ ਲਗੀਆਂ ।

ਸੰਤਾਂ ਸਾਧੂਆਂ ਦੀ ਬਣਿਉਂ ਟੇਕ ਆ ਕੇ, ਭੁਲੇ ਭਟਕਿਆਂ ਨੂੰ ਸਿਧਾ ਰਾਹ ਦਿਸਿਆ ।
'ਸਰੂਪਾਂ ਦੇਵੀ ਮਾਤਾ' ਨੇ ਉਹ ਲਾਲ ਜਣਿਆ, ਭਗਤ, ਸੂਰਮਾ; ਦਾਤਾ, ਸਫਾ ਦਿਸਿਆ ।
ਦਿਸਿਆ ਫੌਜੀ ਜਰਨੈਲ ਉਹ ਸੂਰਿਆਂ ਨੂੰ, ਰਜਵਾੜਿਆਂ ਨੂੰ ਬਾਦਸ਼ਾਹ ਦਿਸਿਆ ।
ਦਿਸਿਆ ਭਗਤਾਂ ਨੂੰ ਜੋਤ ਭਗਵਾਨ ਬਾਬਾ, ਦੁਸ਼ਟਾਂ ਤਾਈਂ ਉਹ ਕਹਿਰੇ-ਖੁਦਾ ਦਿਸਿਆ ।

ਦੀਨਾਂ ਦੁਖੀਆਂ ਤੇ ਹੁੰਦਾ ਜ਼ੁਲਮ ਤੱਕ ਕੇ, ਗੈਰਤ ਡੌਲਿਆਂ ਚਿ ਤੇਰੇ ਫੜਕਦੀ ਰਹੀ ।
ਰੱਣ ਤਤਿਆਂ ਵਿਚ ਤੇਰੀ ਤੇਗ ਲਿਸ਼ਕੇ, ਧੁਰ ਆਕਾਸ਼ ਵਿਚੋਂ ਬਿਜਲੀ ਕੜਕਦੀ ਰਹੀ ।

ਜਦੋਂ ਬੈਠਦੇ ਧਰਮ ਦੀਵਾਨ ਅੰਦਰ, ਦਰਸ਼ਨ ਕਰ ਕਰ ਕੇ ਪਰੇਮੀ ਫੁੱਲਦੇ ਸਨ ।
ਕਥਾ ਜਦੋਂ ਗੁਰਬਾਣੀ ਦੀ ਆਪ ਕਰਦੇ, ਸੋਮੇ ਅੰਮ੍ਰਿਤ ਦੇ ਅਰਸ਼ਾਂ ਤੋਂ ਡੁਲ੍ਹਦੇ ਸਨ ।
ਤੇਰੀ ਛੋਹ ਤੇ ਪਰੇਮੀ ਜੋ ਹੋਣ ਸਦਕੇ, ਬੂਹੇ ਅਰਸ਼ ਤੇ ਕੁਰਸ਼ ਦੇ ਖੁਲ੍ਹਦੇ ਸਨ ।
ਰਾਜ, ਤੱਪ ਦੇ ਤੇਰੇ ਦਰਬਾਰ ਅੰਦਰ; ਤਖਤ ਤਾਜ ਸ਼ਾਹੀ ਚਰਨੀਂ ਰੁਲਦੇ ਸਨ ।

ਵਾਹਿਗੁਰੂ ਧਰਮ ਦਾ ਸੱਚਾ ਪਰਚਾਰ ਕੀਤਾ, ਗਾਡੀ ਰਾਹ ਦਸਿਆ ਛਡ ਪਗਡੰਡੀਆਂ ਨੂੰ ।
ਵਾਹਿਗੁਰੂ ਨਾਮ ਦੀ ਮਿਕਨਾਤੀਸ ਲੈ ਕੇ; ਖਿਚਿਆ ਭੇਖੀਆਂ ਅਤੇ ਪਾਖੰਡੀਆਂ ਨੂੰ ।

ਤੇਰਾ ਹੱਥ ਰਣਜੀਤ ਤੇ ਜਦੋਂ ਟਿਕਿਆ, ਟਿਕੀਆਂ ਫੇਰ ਜ਼ੁਲਮੀ ਘਟਾ ਕਾਲੀਆਂ ਸਨ ।
ਫਿਰ ਪੰਜਾਬ ਵਲ ਕਿਸੇ ਨਾ ਨਜ਼ਰ ਕੀਤੀ, ਫੇਰੇ ਮੂੰਹ ਦੁਰਾਨੀ ਅਬਦਾਲੀਆਂ ਸਨ ।

ਮੁਗਲ ਰਾਜ ਦੀਆਂ ਬੱਚੀਆਂ ਬੇੜੀਆਂ ਤੂੰ, ਘੁਮਣ ਘੇਰੀਆਂ ਵਿਚ ਖੰਗਾਲੀਆਂ ਸਨ।
ਲੱਗਾ ਹੋਣ ਪੰਜਾਬ ਦਾ ਸਿਰ ਉੱਚਾ, ਹੋਈਆਂ ਦੂਰ ਬਦੇਸ਼ੀ ਬਦਹਾਲੀਆਂ ਸਨ।
ਕੌਮੀ ਅਣਖ ਤਾਈਂ ਚਾਰ-ਚੰਨ ਲਾਏ, ਸਿੱਖੀ ਧਰਮ ਦਾ ਖ਼ੂਬ ਪਰਚਾਰ ਕੀਤਾ।
ਰਾਜ ਧਰਮ ਨਾਲੇ ਦੇਸ਼ ਕੌਮ ਅਦਰ, ਵਧ ਚੜ੍ਹ ਸਮਾਜ ਸੁਧਾਰ ਕੀਤਾ।

ਸੇਵਾ ਸਾਧੂ ਦੀ ਸਮਝ ਸੁਭਾਗ ਅਪਣਾ; ਨਿਜ ਨੁਕਸਾਨ ਦਾ ਨਾਹੀ ਵਿਚਾਰ ਕੀਤਾ।
ਨਿਰਧਨ ਮਾਈ ਦੇ ਜੌਂ ਕਬੂਲ ਜੀਤੇ, ਵਾਂਗੂ ਵਡੇ ਸਰਦਾਰਾਂ ਸਤਿਕਾਰ ਕੀਤਾ।
ਕਿਧਰੇ ਬਾਂਦਰਾਂ ਨੂੰ, ਸ਼ੇਰ ਬਚਿਆਂ ਨੂੰ, ਸਿਖੀ ਸਵਕੀ ਸਮਝ ਉਧਾਰ ਕੀਤਾ।
ਜੀਵਨ ਪੰਥ ਤੇ ਦੇਸ਼ ਦੀ ਵਿਚ ਸੇਵਾ, ਲਾ ਕੇ ਉਚੜਾ ਪਰਉਪਕਾਰ ਕੀਤਾ।
ਸੰਤਾਂ ਸਾਧੂਆਂ ਨੂੰ, ਸਿੱਖ ਸੇਵਕਾਂ ਨੂੰ, ਰਾਜੇ ਰਾਣਿਆ ਨੂੰ ਕਿਵ ਪਰਚਾਈਦਾ ਏ।
ਬਣ ਕੇ ਰਾਜ ਜੋਗੀ ਤੁਸੀਂ ਦਸ ਦਿਤਾ, ਕਿਵੇਂ ਰਾਜ ਵਿਚ ਜੋਗ ਕਮਾਈਦਾ ਏ।

ਜਿਸ ਕਿਸੇ ਨੇ ਵੀ ਤੇਰੇ ਚਰਨ ਪਰਸੇ, ਦਿਲ ਦਿਮਾਗ ਅੰਦਰ ਰੌਸ਼ਨਾਈ ਹੋ ਗਈ।
ਰਜਵਾੜਿਆਂ ਨੂੰ ਰਾਜ ਭਾਗ ਮਿਲਿਆ, ਬ੍ਰਹਮਗਿਆਨੀਆਂ ਨੂੰ ਹਾਸਲ ਖੁਦਾਈ ਹੋ ਗਈ।
ਮਿਲਿਆ ਗ੍ਰਹਿਸਤੀ ਨੂੰ ਇਥੋਂ ਸਕੂਨ ਸੱਚਾ, ਤੇ ਉਦਾਸੀ ਦੀ ਸਫਲ ਕਮਾਈ ਹੋ ਗਈ।
ਭੁਲੇ ਭਟਕਿਆਂ ਦੀ, ਪਸ਼ੂ ਪੰਛੀਆਂ ਦੀ; ਕੱਟੀ ਗਈ ਚੁਰਾਸੀ ਸਫਾਈ ਹੋ ਗਈ।
ਕੀਤਾ ਨਾਨਕ—ਗੋਬਿੰਦ ਦਾ ਮਿਸ਼ਨ ਪੂਰਾ, ਵਾਹਿਗੁਰੂ ਨਾਮ ਦੀ ਦਾਤ ਲੁਟਾਈ ਬਾਬਾ।
ਆਦਿ ਅੰਤ ਤੀਕਰ ਰਹਿਸੀ ਨਾਮ ਰੋਸ਼ਨ, ਤੇਰੀ ਧਨ ਧਨ ਸਫਲ ਕਮਾਈ ਬਾਬਾ '

ਭੇਟਾਕਾਰ-- ਬਾਬਾ ਹਰਬੰਸ ਸਿੰਘ ਬੇਦੀ ਨਾਭਾ (ਪਟਿਆਲਾ)

——o——

# ਬਾਬਾ ਸਾਹਿਬ ਸਿੰਘ ਜੀ ਬੇਦੀ ਫ਼ਰੀ ਮੈਟਰਨਿਟੀ ਹਸਪਤਾਲ

ਬਰਾਊਨ ਹਸਪਤਾਲ ਲੁਧਿਆਣਾ ਦੇ ਪ੍ਰਬੰਧ ਹੇਠ ਦਮਦਮਾ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਨਸੂਰਾਂ ਵਿਚ ਫ਼ਰੀ ਮੈਟਰਨਿਟੀ ਹਸਪਤਾਲ ਖੁਲ੍ਹ ਗਿਆ ਹੈ ਜਿਸ ਦੀ ਆਰੰਭਕ ਰਸਮ 21 ਅਪਰੈਲ 1975 ਦਸਵੀਂ ਵਾਲੇ ਦਿਨ ਸ: ਸੇਵਾ ਸਿੰਘ ਜੀ ਡਿਪਟੀ ਕਮਿਸ਼ਨਰ ਜ਼ਿਲਾ ਲੁਧਿਆਣਾ ਨੇ ਅਦਾ ਕੀਤੀ ਸੀ।

ਦਮਦਮਾ ਅਸਥਾਨ ਵਲੋਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨ 5 ਕਮਰੇ, ਦਵਾਈਆਂ ਲਈ 500 ਰੁਪਏ ਮਹੀਨਾ ਤੇ ਹੋਰ ਲੋੜੀਂਦਾ ਖਰਚ ਅਤੇ ਸਾਮਾਨ ਦੇਣਾ ਪਰਵਾਨ ਕਰ ਲਿਆ ਹੈ। ਇਲਾਕਾ ਨਿਵਾਸੀਆਂ ਦੇ ਲਾਭ ਲਈ ਦਮਦਮਾ ਅਸਥਾਨ ਵਲੋਂ ਇਹ ਉੱਦਮ ਕੀਤਾ ਗਿਆ ਹੈ। ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਇਸ ਕਾਰਜ ਵਿਚ ਆਪ ਸਹਾਈ ਹੋਣਗੇ। ਇਲਾਕਾ ਨਿਵਾਸੀ ਇਸ ਸ਼ੁਭ ਕਾਰਜ ਤੋਂ ਲਾਭ ਉਠਾਉਣ।

(ਸੇਵਾਦਾਰ ਦਮਦਮਾ ਅਸਥਾਨ)

# ਪੁਰਾਤਨ ਜਨਮ ਸਾਖੀ

(ਬਾਬਾ ਮੇਹਰਬਾਨ ਜੀ ਸੋਢੀ ਵਾਲੀ, ਵਿਚੋਂ)

## ਮਰਦਾਨੇ ਦੀ ਭੁਖ ਤ੍ਰਿਪਤਾਈ

### ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਮਰਦਾਨੇ ਨਾਲ)

ਤਬ ਕਈ ਕ ਦਿਨ ਗੁਰੂ ਬਾਬੇ ਨਾਨਕ ਅਰੁ ਮਰਦਾਨੇ ਉਦਿਆਨ ਵਿਚਿ ਫਿਰਦਿਆਂ ਹੋਏ। ਤਬ ਗੁਰੂ ਬਾਬੇ ਨਾਲਿਹੁ ਮਰਦਾਨਾ ਪਿਛੈ ਰਹਿਆ, ਤਬ ਗੁਰੂ ਬਾਬੇ ਆਖਿਆ ਜਿ, 'ਮਰਦਾਨਾ ਪਿਛੈ ਰਹਿ ਗਇਆ, ਮਰਦਾਨੇ ਨੋ ਹੰਉ ਮੇਲਿ ਲਈ।' ਮਰਦਾਨਾ ਆਇ ਕੈ ਅੰਨ੍ਹਾਲੀ ਡਿਗਿ ਪਇਆ। ਤਬ ਗੁਰੂ ਬਾਬਾ ਫਿਰਿ ਜਾਇ ਮਰਦਾਨੇ ਥੈ ਖੜਾ ਹੋਇਆ ਜੇ, 'ਮਰਦਾਨਿਆਂ ਕਿਉ ਪੈ ਗਇਉਹਿ ?' ਆਖੈ, 'ਜੀ ਭੁਖ ਮਲਿਆ ਹਾਂ।' ਤਬ ਗੁਰੂ ਬਾਬੇ ਕਹਿਆ ਜਿ, 'ਉਠਿ ਬਹੁ, ਰਬਾਬੁ ਵਜਾਇ, ਸਬਦੁ ਗਾਉ; ਪਰਮੇਸੁਰੁ ਕਿਛੁ ਭੁਖ ਦਾ ਭੀ ਕਰੈਗਾ।' ਤਬ ਮਰਦਾਨੇ ਕਹਿਆ ਜਿ, 'ਜੀ, ਰਬਾਬੁ ਵਜਾਵਣੇ ਗਲਿ ਖਲੋਈ ਹੀ, ਜੀਉ ਥੋੜਾ ਹੋਆ।' ਤਬ ਗੁਰੂ ਬਾਬੇ ਜੀ ਕਹਿਆ ਜਿ, 'ਮਰਦਾਨਿਆ! ਚਲੁਤੇ ਰੈ ਲਈ ਅਸੀ ਭੀ ਕਿਤੈ ਵਸਦੀ ਜਾਹਾਂ।' ਤਬ ਮਰਦਾਨੇ ਕਹਿਆ ਜਿ, 'ਬਾਬਾ ਜੀ ਸਲਾਮਤਿ! ਜਾਣੋ ਗਲਿ ਰਹੀ ਹੈ, ਘਟੁ ਮਿਲਿ ਗੈਆ ਹੈ, ਤਬਕ ਜੁੜਿ ਗਏ ਹੈਨਿ, ਹਉ ਮਰਦਾ ਹਾਂ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, 'ਮਰਦਾਨਿਆ! ਤੁਧ ਨੋ ਮਰਣੇ ਨਾਹੀ ਦੇਦੇ, ਤੂ ਹੋਹਿ।' ਤਬ ਗੁਰੂ ਬਾਬੇ ਜੀ ਕਹਿਆ ਜਿ; 'ਮਰਦਾਨਿਆਂ! ਅਹਿ ਜਿ ਦਿਸਦਾ ਹੀ ਰੁਖੁ ਸਉਹਾ ?' ਕਹੈ, 'ਜੀ, ਦਿਸਦਾ ਹੈ।' ਕਹੈ, 'ਏਸ ਦੇ ਫਲ ਵੇਖਦਾ ਹੈ ਮਹਾਂ ਅਨੂਪੁ ?' ਕਹੈ, 'ਜੀ, ਵਾਹੁ ਵਾਹੁ ਖਰੇ ਸੋਭਾਵੰਤ ਹੈਨਿ ਏਸ ਦੇ ਫਲੁ।' ਕਹੈ, 'ਉਠਿ ਜਾਇ ਕਰਿ ਖਾਹਿ ਏਹਿ ਫਲੁ।' ਤਬ ਮਰਦਾਨਾ ਉਠਿਆ, ਉਠਿ ਕਰਿ ਜਾਇ ਫਲ ਲਗਾ ਖਾਵਣੇ। ਤਬ ਜਾ ਚਖੈ ਤਾ ਮਹਾ ਅੰਮ੍ਰਿਤੁ ਵਸਤੁ ਹੈ, ਚਖਿ ਕਰਿ ਮਰਦਾਨਾ ਖਰਾ ਖੁਸੀ ਹੋਆ। ਰਜਿ ਕਰਿ ਫਲ ਖਾਧਿਆ ਸੁ; ਵਾਹੁ ਵਾਹੁ ਕਰਿ ਕਰਿ ਗੁਰੂ ਬਾਬੇ ਨਾਨਕ ਜੀ ਕੀ ਸਿਫਤਿ ਕੀਤੀਅਸੁ। ਤਬ ਗੁਰੂ ਬਾਬੇ ਨਾਨਕ ਜੀ ਆਖਿਆ ਜਿ; 'ਮਫਦਾਨਿਆ! ਏਹਿ ਫਲ ਖਰੇ ਭਲੇ ਹੈਨਿ ਕਿ ਨਾ ?' ਕਹੇ, 'ਜੀ, ਤੂਹੈ ਜਾਣਹਿ ਜਿ ਜਹੇ ਏਹਿ ਫਲ ਹੈਨਿ, ਨਾ ਕਦੇ ਡਿਠੇ ਹੈਨਿ ਨਾ ਸੁਣੇ ਹੈਨਿ।' ਤਬ ਗੁਰੂ ਬਾਬੇ ਆਖਿਆ ਜਿ, 'ਮਰਦਾਨਿਆਂ! ਹੁਣਿ ਕਿਛੁ ਰੁਚਦਾ ਹੈ ਸਿ ਖਾਹਿ, ਪਣੁ ਪਲੈ ਬੰਨ੍ਹੀ ਨਾਹੀ।' ਤਬ ਮਰਦਾਨੇ ਆਖਿਆ ਜਿ, 'ਐਹੈ ਜੇਹੇ ਫਲ ਫਿਰਿ ਕਿ ਜਾਪੈ ਹਥਿ ਆਵਦੇ। ਅਸਾਂ ਉਦਿਆਨਿ ਫਿਰਣੋ ਫਿਰਣਾ। ਏਹਿ ਫਲਿ ਫੇਰਿ ਕਿ ਜਾਪੈ ਹਥਿ ਆਂਵਦੇ।' ਕਿਛੁ ਖਾਧਿਆਸੁ ਸਿ ਖਾਧਿਆਸੁ ਹੋਰਿ ਬੰਨ੍ਹਿ ਲੀਤਿਆਸੁ। ਜਾ ਕਈਕ ਦਿਨ ਹੋਏ ਤਾਂ ਭੁਖ ਜਾਗੀਅਸੁ ਤਾ ਲਗਾ ਫਲਾ ਨੋ ਖਾਵਣੇ। ਸੋ ਮੁਹ ਸਾਹਮਣੇ ਕੀਤਿਆਸੁ। ਸੁ ਸਿਰਿ ਪਰਣੇ ਢਠਾ! ਤਬ ਗੁਰੂ ਬਾਬੇ ਫਿਰਿ ਡਿਠਾ। ਜਾਂ ਵੇਖੈ ਤਾ ਮਰਦਾਨਾ ਫਿਰਿ ਢਹਿ ਪੈਆ ਹੈ। ਤਬ ਗੁਰੂ

ਬਾਬੇ ਨਾਨਕ ਜੀ ਕਹਿਆ ਜਿ 'ਮਰਦਾਨਿਆ ! ਹੁਣਿ ਕਿ ਹੋਇਓੁ ਜਿ ਡਿਗਿ ਪਇਓੁਹਿ ?' ਮਰਦਾਨਾ ਹੋਇ ਤਾ ਬੋਲੈ । ਤਬ ਗੁਰੂ ਬਾਬੇ ਨਾਨਕ ਜੀ ਲੈ ਕਰਿ ਪਗ ਕਾ ਅੰਗੁਸਟੁ ਮਰਦਾਨੇ ਦੇ ਸਿਰਿ ਉਪਰਿ ਰਖਿਆ । ਮਰਦਾਨਾ ਓਠਿ ਬੈਠਾ । ਤਦ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮਰਦਾਨਿਆ ! ਤੈਨੋ ਕਿਆ ਹੋਆ ਸਾ ?' ਕਹੈ, 'ਜੀ ਬਾਬਾ ਸਲਾਮਤੀ ! ਮੈ ਲਬੁ ਕਰਿ ਕਰਿ ਓਇ ਫਲ ਪਲੈ ਬੰਨ੍ਹਿ ਰਖੇ ਸੇ, ਤੇਰਾ ਵਚਨੁ ਨਾ ਸੀਓ ਜਿ ਪਲੈ ਬੰਨ੍ਹਣੇ ਨਾਹੀ, ਓਹਿ ਮੈ ਲਬੁ ਕਰਿ ਕਰਿ ਪਲੇ ਬਧੇ ਸੇ, ਹੁਣਿ ਮੈ ਆਖਿਆ ਜਿ ਏਨਾ ਨੋ ਹੰਉ ਖਾਵਾਂ । ਸੋ ਜੀ, ਉਹੁ ਲਬੁ ਮੇਰੈ ਸਿਰਿ ਚੜਿਆ । ਸੋ ਮੈ ਮੁਹ ਦੀ ਤਰਫ ਫਲੁ ਕੀਤਾ ਸੋ ਹੰਉ ਮਰਿ ਗੈਆ । ਬਾਬਾ ਜੀ ਸਲਾਮਤਿ ! ਹੁਣਿ ਜਾਂ ਤ ਬੁਲਾਇਆ ਹਾਂ ਤਾ ਸੁਰਤਿ ਹੋਈ ਜਿ ਬਾਬਾ ਮੈਨੋ ਕੁਆਂਇਦਾ ਹੈ । ਹੰਉ ਕਿਥੈ ਹਾਂ ?' ਕਹੈ 'ਮਰਦਾਨਿਆਂ ! ਤੂ ਕਿਛੁ ਜਾਣਦਾ ਸਹਿ ਜਿ ਓਹੁ ਰੁਖੁ ਕਿਆ ਸਾ ?' ਕਹੈ 'ਜੀ, ਹੰਉ ਕਿਆ ਜਾਣਾ, ਤੂਹੈ ਜਾਣਹਿ ਤੇਰੀ ਗਹਨਗਤਿ ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮਰਦਾਨਿਆਂ ! ਓਹੁ ਬਿਖ ਫਲੁ ਸਾ । ਪਰ ਗੁਰੂ ਕੈ ਵਚਨ ਕਰਿ ਕਰਿ ਬਿਖੁ ਤੇ ਅੰਬ੍ਰਿਤੁ ਹੋਆ ।' ਫਿਰਿ ਮਰਦਾਨਾ ਬੋਲਿਆ; ਹਥਿ ਜੋੜਿ ਕਰਿ ਕਹਿਆ ਜਿ 'ਬਾਬਾ ਜੀ ਸਲਾਮਤਿ ! ਮੇਰੀ ਬੇਨਤੀ ਤੂੰ ਸੁਣਿ ।' ਤਬ ਗੁਰੂ ਬਾਬੇ ਆਖਿਆ ਜੇ 'ਮਰਦਾਨਿਆ ! ਆਖਿ ਜਿ ਤੇਰੈ ਜੀ ਹੈ ।' ਤਬ ਮਰਦਾਨੂੰ ਕਹਿਆ ਜਿ 'ਬਾਬਾ ਪਾਤਸਾਹੁ ਸਲਾਮਤਿ ! ਅਸੀ ਮਲ ਮੂਤ ਧਾਰੀ ਜੀਵ, ਤੂੰ ਅਤੀਤੁ ਪੁਰਖੁ ਖਾਂਹਿ ਨਾਹੀ, ਕਿਛੁ ਪੀਅਹਿ ਨਾਹੀ । ਤੂੰ ਨਿਰਬਾਣੁ ਦੁਖਹੁ ਸੁਖਹੁ ਪਾਕੁ । ਪਣੁ ਜੀ ਅਸੀ ਪਿੰਨਣੀ ਜਾਤਿ, ਪਿੰਨ ਖਾਧਾ ਲੋੜੀਐ, ਤੂੰ ਵਸਦੀ ਕਿਤੈ ਵੜਹਿ ਨਾਹੀ, ਮਨੁਖ ਦੈ ਮੁਖ ਲਗਹਿ ਨਾਹੀ, ਛਿਅ ਰੁਤੀ ਬਾਰਹ ਮਾਸ ਤੂ ਉਦਿਆਨ ਹੀ ਮਹਿ ਫਿਰਹਿ, ਦਿਖਾ ਜੋ ਅਸਾਡਾ ਕਵਣੁ ਹਾਲੁ ? ਅਸਾਡੇ ਬੁਤੈ ਕਿਛੁ ਇਹ ਮਿਹਨਤ ਕੀਤੀ ਨਾਹੀ ਜਾਂਦੀ, ਤੂੰ ਦੈਆ ਨਾਥ ਹੋਹਿ, ਦੈਆ ਕਰਿ ਕਰਿ ਤੂੰ ਮੇਰੇ ਤਾਈਂ ਵਿਦਾ ਦੇਹ; ਜੇ ਮੈਂ ਫਿਰਿ ਘਰ ਜਾਵਾ, ਮੇ ਜੀ ਹੁਣਿ ਨਾਹੀ ਰਹਿ ਸਕਦਾ।' ਤਬ ਗੁਰੂ ਬਾਬ ਆਖਿਆ ਜਿ 'ਮਰਦਾਨਿਆਂ ! ਮੇਰੀ ਤੁਧ ਉਤੈ ਬਹੁਤ ਖੁਸੀ ਸੀ, ਪਰ ਤੁਧੁ ਏਹੁ ਗਲਿ ਕਿਉਂ ਆਖੀ ?' ਕਹੈ, 'ਜੀ, ਸੁਹਾਣੁ ਹੈ ਇਸ ਤੇਰੀ ਖੁਸੀ ਨੂੰ, ਤੂ ਮੈਨੋ ਵਿਦਾ ਕਰਿ, ਜਿ ਮੈ ਘਰੀ ਜਾਂਵਾਂ ।' ਤਬ ਗੁਰੂ ਬਾਬੇ ਆਖਿਆ ਜਿ 'ਮਰਦਾਨਿਆਂ ! ਤੂੰ ਕਿਵੈ ਰਹਹਿ ਭੀ ਅਸਾ ਨਾਲ ।' ਤਾਂ ਮਰਦਾਨੇ ਆਖਿਆ ਜਿ 'ਹੰਉ ਤਾ ਹੀ ਤੇਰੇ ਨਾਲ ਰਹਾਂ ਜਾਂ ਮੈਨੂੰ ਤੂ ਆਪਣਾ ਜੇਹਾ ਧੀਰਜ ਦੇਹਿ । ਅਰੁ ਜਿਉ ਤੁਧਨੋ ਨਾਹੀ ਭੁਖ ਤ੍ਰਹਿ, ਤਿਵੈ ਮੈਨੋ ਭੀ ਨਾ ਹੋਵੈ, ਅਰੁ ਜੀ ਜਿਥੈ ਤੈ ਜਾਣਾ ਹੈ ਤਿਥੈ ਤੂੰ ਮੈਨੋ ਭੀ ਉਥਾਊ ਲੈ ਜਾਹਿ ਅਤੇ ਮੇਰ ਕਰਮ ਵੀਚਾਰਹਿ ਨਾਹੀ; ਤਾਂ ਤਉ ਤੇਰੇ ਨਾਲਿ ਰਹਾਂ । ਤੂ ਭਗਤਿ ਕਮਾਵਹਿ ਤੰਉ ਤੇਰੈ ਨਾਲਿ ਲਗਾ ਫਿਰਾ, ਹੋਰੁ ਮੈ ਤੀ ਕਿਛੁ ਨਾਹੀ ਹੋਇ ਆਵਦਾ । ਜੇ ਏਹੀ ਦਿਸਟਿ ਕਰਹਿ ਤਾਂ ਰਹਾਂ, ਨਾਹੀ ਤਾ ਜੀ ਮੈਨੋ ਵਿਦਾ ਕਰਿ ।' ਤਬ ਗੁਰੂ ਬਾਬਾ ਜੀ ਹਸਿਆ, ਹਸਿ ਕਰਿ ਦੈਆਲੁ ਹੋਆ ਮਰਦਾਨੇ ਉਪਰਿ, ਗੁਰੂ ਆਖਿਆ 'ਸਾਬਾਸਿ ਮਰਦਾਨਿਆ ! ਤੈ ਭਲੀ ਵਸਤੁ ਮੰਗੀ । ਗੁਰੂ ਬਾਬੇ ਆਖਿਆ ਜਿ 'ਪਾਹਿ ਪੈਰੀ ।' ਤਬ ਮਰਦਾਨਾ ਗੁਰੂ ਬਾਬੇ ਨਾਨਕ ਜੀ ਕੀ ਪੈਰੀ ਪੜਿਆ। ਜਾਂ ਸਿਰੁ ਪੈਰਾ ਉਪਰਿ ਰਖਿਆਸੁ ਤਾ ਭੁਖ ਤ੍ਰਿਹ ਦੋਵੇਂ ਮਿਟਿ ਗਈਆਂ । ਸੰਤੋਖ ਆਇਗੈਓਸੁ । ਜਾਂ ਫੇਰਿ ਸਿਰੁ ਉਚਾ ਕਰੇ ਤਾ ਅਗਮੁ ਨਿਗਮੁ ਸਭੁ ਕਿਛੁ ਨਜਰਿ ਆਇਗੈਓਸੁ । ਜਾ ਮਰਦਾਨਾ ਵੇਖੇ ਤਾਂ ਬਾਬਾ ਨਾਨਕ ਸੰਸਾਰ ਵਿਚਿ ਨਾਹੀ, ਹੋਰ ਥੈ ਹੈ, ਤਬ ਮਰਦਾਨਾ ਗੁਰੂ ਬਾਬੇ ਨਾਨਕ ਜੀ ਕੀ ਸਿਫਤਿ ਲੈ ਖੜਾ ਹੋਆ, ਵਾਹੁ ਵਾਹੁ ਬਾਬਾ ਨਾਨਕੁ ।

ਇਕੋ ਨਾਉ ਤਕੜਾ ਕੀਓਨੁ ਹੋਰ ਨਾਵ ਸਭਿ ਕੀਅਨੁ ਖਰਾਬਾ ॥
ਨੇੜ ਨਜੀਕਿ ਖੁਦਾਇ ਦੈ ਬਾਬਾ ॥

ਤਬ ਗੁਰੂ ਬਾਬੇ ਆਖਿਆ 'ਪੂਰਾ ਜੀ ਪੂਰਾ ਉਹੀ ਪਰਮੇਸੁਰੁ ਸਲਾਹਣਾ । ਮਰਦਾਨਿਆ ! ਅਸੀ ਕਵਣ ਕੀਟ ਜਿ ਉਸਦੇ ਨਜੀਕ ਪਹੁਚਹੁ, ਕੋਈ ਸੁਫਨਾ ਤੁਧ ਨੋ ਆਇਆ ਹੋਗੁ, ਪਰਮੇਸਰੁ ਅਰਾਧਿ, ਜਿਤੁ ਅਰਾਧਿਐ ਸਭੁ ਕਿਛੁ ਪਲੇ ਪਵੀ ।' ਤਬ ਮਰਦਾਨਾ ਗੁਰੂ ਬਾਬੇ ਜੀ ਦੇ ਸਾਥਿ ਉਦਿਆਨ ਹੀ ਵਿਚਿ ਲਾਗਾ ਰਹਣੇ ।

ਤਬ ਬਾਬੇ ਨਾਨਕ ਤਪੁ ਅਰੰਭਿਆ । ਕੈਸਾ ਤਪੁ ? ਬਰਸ ਦਿਨਾ ਇਕੁ ਤਲੀ ਰੇਤ ਦੀ ਭਖੈ ਅਰੁ ਇਕੁ ਅਕ ਦੀ ਖਖੜੀ ਭਖੈ । ਤਪੱਸਿਆ ਗੁਰੂ ਬਾਬੇ ਨਾਨਕ ਥਲੀਆ ਵਿਚ ਅਰੰਭੀ । ਮਹਾਂ ਉਦਿਆਨ ਵਿਚਿ, ਪੂਰਬ ਦੀ ਧਰਤੀ, ਦੁਹੁ ਕੋਹਾ ਉਪਰਿ ਦਾਈ ਬਧੀ, ਢੇਰੀਆਂ ਰੇਤੁ ਕੀਆਂ, ਇਕ ਸਾਹਾ ਇਕ ਸਾਹਾ ਸਿਮਰਣੁ ਕਰਦਾ ਕਰਦਾ, ਪਰਮੇਸੁਰੁ ਜਪਦਾ ਜਪਦਾ, ਓਤੁ ਢੇਰੀ ਜਾਇ ਕਦੇ ਓਤੁ ਢੇਰੀ ਜਾਇ । ਅਤੇ ਸਲੋਕੁ ਏਹੋ ਪੜੀਐ ਜਿ—

ਤੇਰਾ ਨਾਮੁ ਸੁਹਾਵਾ, ਵਖਤ ਸੁਹਾਵਾ, ਮੁਖਿ ਆਖਾ ਮਨਿ ਚਾਉ ॥ ੧ ॥

ਪਰਮੇਸੁਰੁ ਦਾ ਨਾਉ ਲਏ ਏਹੁ ਤਪਸਿਆ ਗੁਰੂ ਬਾਬੇ ਜੀ ਕੀਤੀ ਕਈਕ ਦਿਨ । ਤਬ ਨਿਰੰਜਨ ਨਿਰੰਕਾਰ ਕਾ ਹੁਕਮ ਆਇਆ ਜਿ 'ਏ ਨਾਨਕ ! ਤੇਰੀ ਤਪਸਿਆ ਪੂਰੀ ਪਈ ਹੈ । ਤੂ ਪੂਰਨ ਭਗਤਿ ਹੋਆ ਹਹਿ, ਪਣੁ ਹੁਣਿ ਤੂ ਗੁਰੂ ਕਰਿ ਜਿ ਗੁਰੂ ਬਿਨਾ ਭਗਤ ਤਪਸਿਆ ਜੇ ਕਛੁ ਕਰੈ ਸੁ ਥਾਂਇ ਨਾਹੀ ਪਵਦੀ ।' ਜਦ ਪਾਰਬ੍ਰਹਮ ਕਾ ਹੁਕਮ ਆਇਆ ਏਹੁ; ਤਬ ਗੁਰੂ ਬਾਬੇ ਤੀਰਥਾਂ ਨੋ ਗਉਣ ਕੀਆ; ਜਿ 'ਤੀਰਥਾਂ ਉਪਰਿ ਸਾਧਾਂ ਭਗਤਾ ਕੇ ਮੇਲੇ ਹੋਂਦੇ ਹੈਨਿ, ਮਤੁ ਕੋਈ ਪੂਰਨੁ ਸਾਧ ਸਗਤ ਮੁਝ ਕੰਉ ਮਿਲਿ ਜਾਇ । ਜਿਤੁ ਮੇਰੀ ਗਤਿ ਹੋਇ, ਤਿਸੁ ਕੰਉ ਹੰਉ ਗੁਰੂ ਕਰੰਉ । ਤਬ ਊਹਾਂ ਥੀ ਗੁਰੂ ਬਾਬਾ ਨਾਨਕੁ ਜੀ ਤੀਰਥਾਂ ਕੰਉ ਰਮਿਆ । ਬੋਲਹੁ ਵਾਹੁਗੁਰੂ ।

ਸਲੋਕੁ ॥

ਜਪੁ ਤਪੁ ਸੰਜਮੁ ਨਾਮੁ ਦਾਨੁ; ਜਿਸੁ ਦੇਵੈ ਹਰਿ ਪ੍ਰਭੁ ਆਪਿ ॥
ਜਿਸੁ ਸਿਮਰਤ ਸੁਖੁ ਪਾਈਐ, ਦਾਸ ਨਾਨਕ ਤਿਸਨੋ ਜਾਪਿ ॥

ਬੋਲਹੁ ਭਾਈ ਜੀ ਵਾਹੁਗੁਰੂ; ਧੰਨ ਗੁਰੂ, ਸਤਿਗੁਰੂ । ਰਾਮ ਸਤਿ; ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ, ਸਤਿਗੁਰੂ ਪਰਸਾਦਿ ॥ ੩੬ ॥

# ਕੂੰਜਾਂ ਦੀ ਸਾਖੀ

ਗੋਸਟਿ ਗੁਰੂ ਬਾਬਾ ਨਾਨਕ ਜੀ ਕੀ (ਕੂੰਜਾਂ ਨਾਲ)

ਤਬ ਗੁਰੂ ਕਰਣੇ ਕੀ ਨਿਮਿਤ ਆਗੈ ਕਉ ਚਲੇ ਉਸ ਉਦਿਆਨ ਤੇ । ਤਬ ਉਦਿਆਨ ਧਰਤੀ ਦੇਖਤੇ ਦੇਖਤੇ ਚਲੇ ਗੁਰੂ ਬਾਬਾ ਨਾਨਕ ਜੀ ਅਰੁ ਮਰਦਾਨਾ ਰਬਾਬੀ ਸਾਥਿ । ਤਬ ਗੁਰੂ ਬਾਬੇ ਨਾਨਕ ਜੀ ਕੋ ਉਡਤੀਆ ਜਾਂਤੀਆਂ ਕੂੰਜਾਂ ਨਜਰਿ ਆਇ ਗਈਆਂ । ਤਬ ਸੁਨਿ ਕਰਿ ਕੂੰਜਾਂ ਕੀ ਬੋਲੀ ਅਰੁ ਉਡਣਾ ਦੇਖ ਕਰ ਗੁਰੂ ਬਾਬਾ ਖੁਸ਼ੀ ਹੋਆ । ਤਬ ਦੇਖਿ ਕਰਿ ਉਨ ਕੀ

ਛਬਿ ਉਡਣੇ ਕੀ ਅਰੁ ਬੋਲਣੇ ਕੀ ਗੁਰੂ ਬਾਬਾ ਜੀ ਖੁਸੀ ਹੋਆ ਅਰ ਜੀ ਵਿਚਿ ਧਾਰੀਅਨੁ ਜਿ 'ਏ ਪਰਮੇਸੁਰ ਜੀ ! ਕਿਵੇਂ ਹੀ ਏਹਿ ਮੇਰੇ ਤਾਈ ਮਿਲਨਿ ਤਾਂ ਭਲਾ ਹੋਵੈ।' ਜਿਉ ਜਿਉ ਉਹ ਉਡੀਆਂ ਜਾਨਿ ਤਿਉ ਤਿਉ ਬਾਬਾ ਹੇਠ ਹੋਆ ਦਉੜਿਆ ਜਾਇ। ਜਿਉ ਜਿਉ ਦਉੜੇ ਤਿਉ ਤਿਉ ਮਰਦਾਨਾ ਆਖੇ 'ਸਹੀ ਮੁਏ, ਏਹਿ ਕਿਥੈ ਅਸੀ ਕਿਥੈ। ਕਿਥੈ ਏਹਿ ਖਿਆਲ ਪੈਆ ਹੈ; ਜਾਂ ਇਨਾਂ ਨੂੰ ਮਿਲੈ ਤਾਂ ਹੀ ਖੈਰ ਹੋਵੈ। ਏਹੁ ਕਿ ਹੋਗੁ ਖੁਦਾਇ ਦਾ ਤਮਾਸਾ ਅਜਬੁ ਹੈ।' ਤਬ ਗੁਰੂ ਬਾਬੇ ਆਖਿਆ ਜਿ 'ਮਰਦਾਨਿਆ ! ਹੁਣੇ ਮਿਲਦੇ ਹਹ ? ਹੁਸੀਆਰ ਹੋਹੁ ?' ਅਖੈ 'ਜੋ ਭਲਾ ਹੋਵੈ ਹੁਣਿ ਮਿਲਦੇ ਹਹ ਜੀ।' ਤਬ ਉਨ੍ਹਾਂ ਕੂੰਜਾਂ ਦਾ ਜਿ ਪਾਤਸਾਹੁ ਕੂੰਜ ਥਾ, ਸਿ ਤਿਸ ਨੋ ਆਗਿਆ ਆਈ ਪਰਮੇਸੁਰ ਜੀ ਕੀ। ਜਿਸੁ ਪਿਛੇ ਸਭਿ ਕੂੰਜਾਂ ਚਲੀਆਂ ਜਾਂਦੀਆਂ ਥੀਆਂ। ਉਸ ਕਉ ਆਗਿਆ ਆਈ ਜਿ 'ਮੇਰਾ ਭਗਤ ਤੁਮਾਰਾ ਲੀਆ ਦਉੜਿਆ ਆਵਦਾ ਹੈ। ਤੁਮ ਉਤਰਿ ਕਰ ਦਰਸਨੁ ਦੇਖਹੁ ਜੇ ਤੁਮਾਰੀ ਜੂਨ ਕਟੀਐ ਅਰ ਜੇ ਕਿਛੁ ਪੁਛੈ ਸਿ ਉਤਰ ਦੇਣਾ।' ਤਬ ਗੁਰੂ ਬਾਬੇ ਕੇ ਅਗੈ ਉਹਿ ਕੂਜਾਂ ਕਤਾਰ ਕਰਿ ਕਰਿ ਸਭਿ ਉਤਰੀਆ। ਕਤਾਰ ਕਤਾਰ ਸਭਿ ਬੈਠਿ ਗਈਆਂ। ਤਬ ਗੁਰੂ ਬਾਬਾ ਨਾਨਕ ਜੀ ਖੜਾ ਹੋਇ ਗੈਆ। ਤਬ ਮਰਦਾਨਾ ਜੀ ਹੈਰਾਨ ਹੋਇ ਗੈਆ ਜਿ 'ਏ ਪਰਮੇਸੁਰ ! ਏਹਿ ਕੂੰਜਾਂ ਸਭਿ ਏਵੈ ਹੀ ਅਸਮਾਨਹੁ ਉਤਰਿ ਇਸੁ ਥੈ ਆਈਆਂ। ਦਿਖਾ ਏਹ ਤਾਂ ਖਾਲੀ ਨਾਹੀ, ਏਹੁ ਪੂਰਾ ਹੈ; ਦਿਖਾ ਏਹੁ ਭੀ ਅਜਮਤਿ ਮੈ ਵੇਖਾ।' ਤਬ ਉਨਹੁ ਕੂੰਜਹੁ ਆਪਣੀ ਭਾਖਿਆ ਮਹਿ ਕਹਿਆ ਜਿ 'ਬਾਬਾ ਨਾਨਕੁ ਜੀ ! ਹਮ ਨਿਹਾਲੁ ਹੋਈਆ ਜਿ ਤੇਰਾ ਦਰਸਨੁ ਹੋਆ, ਕਿਛੁ ਆਗਿਆ ਹੋਇ ਜਿ ਏਤਾ ਦੁਖ ਤੁਮ ਕਉ ਹੁਆ ਹੈ; ਹਮਰੇ ਮਿਲਨੇ ਕਾਰਨਿ, ਜੇ ਕਿਛੁ ਆਗਿਆ ਹੈ ਸਿ ਕਹੀਐ।' ਤਬ ਇਤਨੇ ਉਨ ਕੇ ਕਹਣੈ ਸਾਥਿ ਗੁਰੂ ਬਾਬਾ ਜੀ ਗਦਗਦ ਹੋਇ ਗੈਆ। ਗਦਗਦ ਹੋਇ ਕਰਿ ਮਲਾਰੁ ਰਾਗੁ ਮਹਿ ਬਾਨੀ ਲੇ ਉਠਾ ਜਿ—

ਬਾਗੇ ਕਾਪੜ ਬੋਲੈ ਬੈਣ ॥ ਲੰਮਾ ਨਕੁ ਕਾਲੇ ਤੇਰੇ ਨੈਣ ॥
ਕਬਹੂ ਸਾਹਿਬੁ ਦੇਖਿਆ ਭੈਣ ॥ ੧ ॥

ਤਿਸ ਕਾ ਪਰਮਾਰਥੁ—

ਤਬ ਗੁਰੂ ਬਾਬੇ ਨਾਨਕ ਜੀ ਕਹਿਆ 'ਰੀ ਬਹਿਨ ! ਹੰਉ ਆਪਣੇ ਸਾਹਿਬ ਕੀ ਖਬਰਿ ਪੂਛਨੈ ਆਇਆ ਹੰਉ ਤੁਮ ਪਾਸਹੁ। ਉਸ ਸਾਹਿਬ ਕੀ ਖਬਰਿ ਤੁਮ ਮੁਝ ਕਉ ਦੇਹੁ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਤੁਮਾਰਾ ਬਰਨੁ ਰੂਪ ਭਲਾ ਹੈ, ਬਗੈ ਕਪੜੇ ਹੈਨਿ, ਲੰਬਾ ਨਕੁ ਹੈ; ਕਾਲੇ ਨੈਨੁ ਹੈ। ਤੁਮ ਤਉ ਰੂਪ ਕੀ ਭਲੀ ਹੰਉ, ਪਣੁ ਜਿਸ ਸਾਹਿਬ ਕੀ ਤੁਮ ਹਹੁ ਉਹ ਸਾਹਿਬ ਤੁਮਹ ਕਬਹੂ ਅਖੀ ਵੇਖਿਆ ਹੈ ?' ਤਬ ਉਹਿ ਕੂੰਜਾਂ ਬੋਲੀਆਂ ਜਿ, ਬਲਿਹਾਰ ਜਾਉ—

ਊਡਾਂ ਊਡਿ ਚੜਾਂ ਅਸਮਾਨਿ ॥ ਸਾਹਿਬੁ ਸੰਮ੍ਰਿਥ ਤੇਰੈ ਤਾਣਿ ॥
ਜਲਿ ਥਲਿ ਡੂੰਗਰਿ ਦੇਖਾਂ ਤੀਰ ॥ ਥਾਨ ਥਨੰਤਰਿ ਸਾਹਿਬੁ ਬੀਰ ॥ ੨ ॥

ਤਿਸੁ ਕਾ ਪਰਮਾਰਥੁ—

ਤਬ ਗੁਰੂ ਬਾਬੇ ਕੰਉ ਉਨਹੁ ਕੂੰਜਹੁ ਕਹਿਆ ਜਿ 'ਬਾਬਾ ਨਾਨਕ ਜੀ ! ਬਲਿਹਾਰ ਜਾਉ,

ਹਮਿ ਜਿ ਸਤਵੇ ਅਸਮਾਨਿ ਚੜ੍ਹਤੀਆਂ ਹੈ ਤਉ ਚੜ੍ਹਤੀਆਂ ਹਹੁ ਜਬ ਉਹੀ ਸਾਹਿਬ ਹਮਾਰੈ ਸਾਥਿ ਹੈ। ਉਸ ਹੀ ਸਾਹਿਬ ਕੈ ਜੋਰਿ ਹਮ ਚੜ੍ਹਤੀਆਂ ਹਹੁ । ਜਬ ਉਹ ਹਮਾਰੈ ਸੰਗਿ ਹੈ ਤਉ ਹਮ ਚੜ੍ਹਤੀਆਂ ਹਹ । ਉਹ ਹਮ ਦੇਖਿਆ ਨਾਹੀ ਜੇ ਉਹ ਸਾਹਿਬ ਕੈਸਾ ਹੈ। ਕਿਛੁ ਹਮਾਰੈ ਸੰਗਿ ਨਾਹੀ, ਪਰ ਉਹ ਸਾਹਿਬ ਸਭਨੀ ਠਵਰੀ ਹੈ । ਜਲਿ ਭੀ ਉਹੀ ਸਾਹਿਬੁ ਰਵਿ ਰਹਿਆ ਹੈ । ਥਲਿ ਭੀ ਉਹੀ ਸਾਹਿਬੁ ਰਵਿ ਰਹਿਆ ਹੈ। ਪੈਆਲਿ ਭੀ ਉਹੀ ਸਾਹਿਬੁ ਰਵਿ ਰਹਿਆ ਹੈ। ਡੂੰਗਰੀ ਪਾਤਾਲੀ ਤਟੀ ਤੀਰਥੀ ਉਦਿਆਨਿ ਗ੍ਰਿਹੀ ਹਮ ਦੇਖਿਆ ਹੈ ਉਹੁ ਸਾਹਿਬੁ ਹੈ । ਏਤੁ ਰੂਪਿ ਕਰਿ ਕਰਿ ਬਾਬਾ ਨਾਨਕ ਜੀ! ਸਾਹਿਬੁ ਹਮ ਸੰਗਿ ਦੇਖਿਆ ਹੈ, ਦੂਰਿ ਨਾਹੀ।' ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਏ ਬਹਿਣ! ਜਬ ਸਾਹਿਬੁ ਦੇਖਿਆ ਹੈ, ਤੁਮਰੈ ਸੰਗਿ ਹੈ, ਤੁਮ ਸੰਗਿ ਦੇਖਿਆ ਹੈ; ਤੁਮਰੇ ਸੰਗ ਰਹਿਤਾ ਹੈ, ਤਬ ਤੁਮ ਧੀਰਜੁ ਕਰਿ ਕਰਿ ਬੈਠਿ ਜਾਹੁ, ਅਬ ਉਡ ਕਰਿ ਕਹਾਂ ਜਾਹੁਗੀ ?' ਤਬ ਉਨਹੁ ਕੂੰਜਹੁ ਬੇਨਤੀ ਕਰੀ ਜਿ—

ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥ ਅਤਿ ਤ੍ਰਿਸਨਾ ਉਡਣੈ ਕੀ ਡੰਝ ॥<br>
ਨਦਰਿ ਕਰੇ ਤਾ ਬੰਧਾਂ ਧੀਰੁ ॥ ਜਿਉ ਵੇਖਾਲੇ ਤਿਉ ਵੇਖਾਂ ਬੀਰ ॥ ੩॥

ਤਿਸੁ ਕਾ ਪਰਮਾਰਥੁ-

ਤਬ ਉਨਹੁ ਕੂੰਜਹੁ ਕਹਿਆ ਜਿ 'ਏ ਗੁਰੂ ਬਾਬਾ ਨਾਨਕ ਜੀ! ਏਹ ਹਮਾਰੈ ਹਥਿ ਬਾਤ ਕਾਈ ਨਾਹੀ। ਜਿਨਿ ਹਮਾਰਾ ਮਨੁ ਪੈਦਾ ਕਰਿ ਕਰਿ ਨਾਲ ਖੰਭ ਲਗਾਏ ਹੈ, ਤਿਨੇਹੀ ਹਮ ਕੰਉ ਏਹੁ ਤ੍ਰਿਸਨਾ ਲਗਾਈ ਹੈ ਜਿ ਤੁਮ ਉਡ ਕਰਿ ਜਾਇ ਚੁਗਹੁ । ਹਮਰੈ ਅੰਦਰਿ ਉਡਣ ਕੀ ਏਹੁ ਭੁਖ ਲਗਾਈ ਹੈ। ਉਨਹੀ ਭੂਖ ਲਗਾਈ ਅਰੁ ਉਨਹੀ ਹੁਕਮੁ ਕੀਆ ਜਿ ਤੁਮ ਖੁਰਾਸਾਨ ਤੇ ਊਡਿ ਜਾਇ ਕਰਿ ਹਿੰਦੁਸਤਾਨ ਜਾਇ ਚੁਗਹੁ। ਪਰ ਜੀ ਹਮਰੈ ਹਥਿ ਕਿਛੁ ਨਾਹੀ, ਉਸ ਹੀ ਸਾਹਿਬ ਕੈ ਹਥਿ ਹੈ ਜਿ ਆਪਣੀ ਮਿਹਰ ਕੀ ਨਜਰਿ ਕਰੇ ਅਰੁ ਧੀਰਜ ਦੇ ਕਰਿ ਬੈਠਾਇ ਰਾਖੈ ਤਬ ਇਉ ਭੀ ਹੋਇ। ਪਣੁ ਜੀ, ਹਮਰੈ ਹਥਿ ਕਿਛੁ ਨਾਹੀ । ਜਿਉ ਜਿਉ ਉਹ ਸਾਹਿਬ ਦੇਸ ਬਦੇਸ ਦਿਖਾਵਦਾ ਹੈ, ਡੂੰਗਰ ਦਿਖਾਵਦਾ ਹੈ ਤਿਉ ਤਿਉ ਹਮ ਦੇਖਦੇ ਹਹ । ਬੀਰ ! ਹਮਰੈ ਹਥਿ ਕਿਛੁ ਨਾਹੀ। ਜੇ ਕਿਛੁ ਕਰੈ ਸਿ ਸਾਹਿਬੁ ਕਰੈ।'

ਤਬ ਉਨਹੁ ਕੂੰਜਹੁ ਬੇਨਤੀ ਕਰੀ ਜਿ 'ਨਾਨਕ ਜੀ ! ਏਕ ਅਰਦਾਸਿ ਹੈ ਜੀ, ਹਮਰਾ ਬੀਚੁ ਕਿਛੁ ਨਾਹੀ । ਅਰੁ ਨਾ ਕਿਛੁ ਹਮਰਾ ਤਨੁ ਹੀ ਹੈ, ਨਾ ਹਮਾਰੈ ਕਿਛੁ ਖੰਭ ਹੀ ਹੈ। ਜੇ ਕੋਈ ਪਉਦਾ ਹੈ ਸੋਈ ਮਾਰਿ ਲੈਂਦਾ ਹੈ। ਕਿਵ ਹੀ ਹਮਰਾ ਭਲਾ ਹੋਇ, ਏ ਖੰਭ ਅਰੁ ਹਮਰਾ ਤਨੁ ਭੀ ਬਾਚੀਐ।' ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :--

ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ ॥<br>
ਪਉਣੈ ਪਾਣੀ ਅਗਨੀ ਕਾ ਸਨਬੰਧੁ ॥<br>
ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥<br>
ਸਚਿ ਸਮਾਵੈ ਏਹੁ ਸਰੀਰੁ ॥੪॥੪॥੯॥

ਤਿਸੁ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਏ ਭੇਣ ! ਤੁਮਾਰਾ ਭਲਾ ਹੋਇਗਾ ਅਰੁ ਤੁਮਾਰਾ ਤਨੁ ਭੀ ਨ ਜਾਇਗਾ, ਅਰੁ ਖੰਭ ਭੀ ਨ ਜਾਹਿਗੇ। ਪਉਣ ਅਰੁ ਪਾਣੀ ਕੇ ਸਨਬੰਧਿ (ਕਰਕੇ) ਤੁਮਿ ਅਸਥਿਰੁ ਹੋਹੁਗੀ। ਪਣੁ ਤੁਮ ਪਰਮੇਸੁਰੁ ਅਰਾਧਹੁ ਜੋ ਤੁਮ ਊਪਰਿ ਸਾਹਿਬ ਕੀ ਮਿਹਰ ਕੀ ਨਜਰਿ ਹੋਇ, ਅਰੁ ਤੁਮਾਰਾ ਜਨਮ ਸਵਰੈ। ਕਈ ਇਕ ਮੁਦਤਿ ਤੁਮ ਈਹਾਂ ਰਹਹੁਗੀਆਂ ਫੇਰਿ ਸਚੇ ਸਾਹਿਬ ਸਾਥਿ ਜਾਇ ਸਮਾਵਹੁਗੀਆਂ।' ਤਬ ਉਨਹੁ ਕਹਿਆ ਆਪਣੀ ਭਾਖਾ ਮਹਿ ਜਿ 'ਬਾਬਾ ਨਾਨਕ ਜੀ ! ਹਮਰਾ ਤੂਹੀ ਪੀਰੁ ਹੈ, ਤੁਮ ਹੀ ਹਮ ਕੰਉ ਪੀਰੁ ਗੁਰੂ ਬਤਾਇਆ ਹੈ। ਹਮਾਰਾ ਗੁਰੂ ਪੀਰੁ ਤੂਹੀ ਹੈ।' ਤਬ ਉਨਹੁ ਪੰਖੀਅਹੁ ਕੀ ਭੀ ਗਤਿ ਗੁਰੂ ਨਾਨਕ ਕੇ ਦਰਸਨ ਦੇਖਿਐ ਭਈ। ਸੁ ਧੰਨੁ ਗੁਰੂ ਬਾਬਾ ਨਾਨਕੁ। ਸਤਿਗੁਰੂ ਬਾਬਾ ਨਾਨਕ।

ਸਲੋਕੁ ॥

ਪੰਖੀ ਭਵਹਿ ਅਕਾਸ ਮਹਿ ਬੋਲਹਿ ਸਾਹਿਬ ਨਾਉ ॥
ਹਰਿ ਨਾਨਕੁ ਹਰਿ ਨਾਨਕੁ ਹਰਿ ਨਾਨਕੁ ਕਰਤੇ ਰਹਹਿ ਹਉ ਤਿਨ ਬਲਿਹਾਰੈ ਜਾਉ ॥੧॥

# ਅਸਲ ਖਰਾਇਤਿ

ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਦਿੱਲੀ ਵਿਚ)

ਇਕਿ ਦਿਨਿ ਗੁਰੂ ਬਾਬਾ ਨਾਨਕੁ ਜੀ ਦਿਲੀ ਕੀ ਧਰਤੀ, ਨਗਰ ਮਹਿ ਜਾਇ ਪ੍ਰਾਪਤਿ ਹੂਆ ਥਾ। ਊਹਾ ਕਾ ਪਾਤਿਸਾਹੁ ਸਲੇਮ ਸਾਹੁ ਪਠਾਣੁ ਥਾ ਸੁ ਦਿਹਾਨਗੀ ਖੂਨ ਕਰਤਾ ਥਾ। ਤਬ ਜਦਿ ਦਿੱਲੀ ਸਹਿਰ ਮਹਿ ਬਾਬਾ ਨਾਨਕੁ ਜੀ ਜਾਇ ਬਸਿਆ ਤਬ ਊਹਾ ਲੋਕਾ ਮਹਿ ਬਹੁਤੁ ਸੋਰ ਉਠਿਆ ਜੋ ਬਾਬਾ ਨਾਨਕ ਆਇਆ ਹੈ। ਸਾਰੇ ਦਿੱਲੀ ਕੇ ਲੋਕ ਤਮਾਸਗੀਰ ਅਰੁ ਪਰਮੇਸੁਰ ਕੇ ਨਾਵ ਕੇ ਖੋਜਣਹਾਰੇ ਹਿੰਦੂ ਮੁਸਲਮਾਨ ਸਭਿ ਮਿਲਿ ਆਏ, ਜਿ ਬਾਬਾ ਨਾਨਕੁ ਵੱਡਾ ਫਕੀਰ ਕਹੀਤਾ ਹੈ ਸਿ ਆਇਆ ਹੈ, ਦਰਸਨੁ ਦੇਖਣੇ ਕੀ ਨਿਮਿਤ ਸਭ ਆਏ। ਜਹਾ ਗੁਰੂ ਬਾਬਾ ਨਾਨਕੁ ਜੀ ਬੈਠਾ ਥਾ ਤਹਾ ਸਭ ਆਇ ਦਰਸਨੁ ਦੇਖਿ ਕੇ ਬੈਠ ਗਏ। ਬਾਬੇ ਸਭਨਹੁ ਕੰਉ ਆਦਰ ਦੀਆ। ਤਬ ਜਹਾ ਗੁਰੂ ਬਾਬਾ ਨਾਨਕੁ ਬੈਠਾ ਥਾ ਤਹਾ ਨਜੀਕਿ ਹੀ ਸਲੇਮ ਸਾਹੁ ਪਾਤਸਾਹੁ ਕਾ ਲੰਗਰੁ ਬਾਂਟੀਤਾ ਥਾ। ਤਬ ਜਿਤਨਾ ਕੋਈ ਫਕੀਰੁ ਮੰਗਤਾ ਥਾ ਸੁ ਸਭੁ ਊਹਾ ਜਾਇ ਖੈਰਾਇਤਿ ਲੇਣ ਲਾਗੇ। ਤਬ ਗੁਰੂ ਬਾਬੇ ਜੀ ਕਹਿਆ ਜਿ 'ਈਹਾਂ ਜਿ ਏਹੁ ਲੋਕੁ ਬੋਲਤਾ ਹੈ ਸਿ ਕਿਆ ਹੈ ?' ਤਬ ਉਨਹੁ ਕਹਿਆ ਜਿ 'ਜੀ ! ਸਲੇਮ ਸਾਹੁ ਪਾਤਿਸਾਹ ਕਾ ਲੰਗਰ ਬੰਟੀਤਾ ਹੈ, ਖੈਰਾਇਤਿ ਭਲੇ ਤੇ ਹੈ, ਊਹਾ ਗਲਬਲਾ ਹੋਤਾ ਹੈ। ਕਹੈ 'ਖੈਰਾਇਤਿ ਭਲੇ ਕੰਉ ਕਰਤਾ ਹੈ, ਕਿਉ ਜਿ ਹਮਾਰਾ ਭਲਾ ਹੋਇ।' ਤਬ ਉਨਹੁ ਕਹਿਆ ਜਿ 'ਜੀ ਖੈਰਾਇਤਿ ਕੀਤੇ ਕਿਛੁ ਭਲਾ ਹੀ ਹੋਤਾ ਹੈ, ਜੋ ਕੋਈ ਕਿਛੁ ਕਰਿ ਸਕੈ ਖੈਰਾਇਤਿ ਸਾਹਿਬ ਕੇ ਨਾਇ। ਪਰ ਬਾਬਾ ਜੀ ਹਮਹੁ ਸੁਣਿਆ ਹੈ ਜੋ ਕੋਈ ਖੈਰਾਇਤਿ ਕਰਤਾ ਹੈ ਸੁ ਪਾਰਿ ਪੜਤਾ ਹੈ। ਅਰੁ ਜੀ ਬੇਦੁ ਭੀ ਕਹਿਤਾ ਹੈ, ਕਤੇਬ ਭੀ ਕਹਿਤੀ ਹੈ, ਦਿਖਾ ਜੀ ਏਹੁ ਬਾਤ ਕਿਉ ਕਰਿ ਹੈ ਜੀ ? ਕਿਰਪਾ ਕਰਿ ਕੈ ਹਮ ਕਉ ਸਮਝਾਈਐ ਜੀ, ਜਿ ਏਹੁ ਬਾਤਿ ਕਿਉ ਕਰਿ ਹੈ।' ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :–

ਸਲੋਕੁ ॥

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥
ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥
ਬੰਧੁ ਤੁਟਾ ਬੇੜੀ ਨਹੀ, ਨਾ ਤੁਲਹਾ ਨ ਹਾਥ ॥
ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥਿ ॥ ੩ ॥

ਤਿਸੁ ਕਾ ਪਰਮਾਰਥੁ :--

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੇ 'ਸੁਨਹੁ ਪਰਮੇਸੁਰ ਕੇ ਲੋਗਹੁ ! ਏਹ ਜਿ ਖਰਾਇਤਿ ਪਾਤਿਸਾਹੁ ਕਰਤਾ ਹੈ ਸੋ ਕਿਛੁ ਨਾਹੀ, ਕਿਉਂ ਜਿ ਏਹੁ ਅੰਧਿਆ ਕੇ ਕੰਮ ਹਹਿ । ਅਖੀ ਤੇ ਜੁ ਅੰਧਾ ਹੋਇ ਸੋ ਕਹਿਆ ਸੁਣੈ ਸਮਝੈ, ਆਖੀਐ ਸੋ ਕਿਛੁ ਕਰੈ । ਪਰ ਜੁ ਮਨ ਕਾ ਅੰਧਾ ਹੋਇ ਸਿ ਕਿਆ ਸਮਝੈ, ਜੋ ਕਿਛੁ ਮੁਖੋ ਬੋਲੈ ਕਮਾਵੈ ਸੁ ਅੰਧੇ ਹੀ ਕੰਮ ਕਰੈ । ਜਾਂ ਦਿਹਾੜੀ ਪਾਪ ਕਰਣੇ ਤਾਂ ਖੈਰਾਇਤਿ ਉਸ ਕੀ ਕੈਂਨੀ ਥਾਂਇ ਪਵੇਗੀ ? ਕਿਸ ਕੀ ਨਿਆਂਈ ? ਜਿਉ ਪਥਰ ਕਾ ਬੰਧੁ ਤੁਟੈ ਅਰੁ ਚਿਕੜ ਲਗਾਈਐ ਤਾ ਉਸ ਸਮੁੰਦਰ ਕੀ ਲਹਿਰ ਹੈ ਕਿ ਦਰੀਆਵ ਕਾ ਜੋਰ. ਪਾਣੀ ਨਾ ਥੰਭੇ । ਨਾ ਨਾਹੀ ਥੰਭੀ ਦਾ । ਚਿਕੜ ਪਥਰ ਕਾ ਬੰਧੁ ਤੋੜਿਆ । ਭਾਈ ਜੀ ! ਚਿਕੜ ਕਿਆ ਅਰੁ ਪਥਰੁ ਕਿਆ ? ਅਰੁ ਸਮੁੰਦਰ ਕੀ ਲਹਿਰ ਕਿਆ ? ਸਮੁੰਦਰ ਕੀ ਲਹਿਰ ਪਾਪੁ ਅਰ ਪਥਰ ਕਾ ਧਰਮੁ ਬੰਧੁ । ਧਰਮ ਅਰ ਚਿਕੜ ਪੁੰਨ । ਜਬ ਇਸ ਕੇ ਮਨ ਤੇ ਧਰਮੁ ਛੁਟਿਕਿਆ, ਅਧਰਮੀ ਹੂਆ । ਤਬ ਪਾਪਾ ਕਾ ਮਾਰਿਆ ਪੁੰਨ ਭੀ ਲੁੜਿ ਗਇਆ । ਨਾ ਇਸ ਕਾ ਧਰਮੁ ਸਾਬਤੁ ਹੋਇ; ਨਾ ਏਹੁ ਜੀਉ ਪਾਰਿ ਪੜੇ । ਜਬ ਧਰਮ ਕਾ ਬੰਧੁ ਛੁਟਕਿਆ ਤਬ ਸਮੁੰਦਰ ਕੇ ਫੇਰਿ ਮਹਿ ਆਇਆ, ਨਾ ਬੇੜਾ; ਨਾ ਤੁਲਹਾ; ਨਾ ਹਾਥ, ਨਾ ਪਾਈਐ; ਦਰੀਆਉ ਕੇ ਬਿਖੇ ਲਾਗਾ ਡੂਬਣੇ । ਉਸ ਏਕ ਕੀ ਕਿਆ ਚਲੀ ਹੈ ਜਿ ਏਸ ਧਰਮੁ ਬਿਨਾ ਕਈ ਸਾਥ ਡੂਬੇ ਹੈ ਬਿਨਾ ਪਰਮੇਸੁਰ ਕੇ ਨਾਮ ਸਿਮਰੇ ਤੇ । ਕਈ ਪੂਰ ਸਮੁੰਦਰ ਭੈਜਲ ਮਹਿ ਗਰਤੁ ਗੈਰੁ ਹੋਇ ਹੈ ।'

ਤਬ ਉਨਹੁ ਲੋਗਹੁ-- ਪੰਡਿਤਹੁ, ਕਾਜੀਅਹੁ, ਹਿੰਦੂਅਹੁ, ਮੁਸਲਮਾਨਹੁ, ਸਭਨਹੁ ਨਮਸਕਾਰ ਸਲਾਮੁ ਕੀਆ, ਕਹਿਆ ਜਿ 'ਧੰਨ ਹੋ ਬਾਬਾ ਨਾਨਕੁ ! ਜਿਨਿ ਏਸੁ ਕਲੀ ਕਾਲ ਮਹਿ ਸੈਸਾਰ ਕਉ ਨਾਮੁ ਧਰਮੁ ਦਿੜਾਇਆ । ਸਿ ਤੂੰ ਧੰਨਿ ਹੈ ਬਾਬਾ ਨਾਨਕ ਜੀ !' ਤਬ ਓਇ ਦਿਲੀ ਕੇ ਲੋਕ. ਸਭਿ ਗੁਰੂ ਬਾਬੇ ਨਾਨਕ ਜੀ ਕੇ ਸਿਖ ਭਏ । ਲਾਗੇ ਨਾਮੁ ਸਿਮਰਨੇ ਅਰੁ ਧਰਮੁ ਕਮਾਵਣੇ । ਲਾਗੇ ਗੁਰੂ ਗੁਰੂ ਜਪਣੇ । ਓਇ ਨਾਨਕ ਪੰਥੀ ਹੋਏ ਬੋਲਹੁ ਵਾਹੁਗੁਰੂ ।

ਸਲੋਕੁ ॥

ਅੰਧ ਕਰਮ ਤੇ ਜੰਮਿਆ ਅੰਧੇ ਕਰਮ ਕਮਾਇ ॥
ਜਨੁ ਨਾਨਕ ਨਿਰਮਲੁ ਤਉ ਥੀਵੈ ਗੁਰੁ ਲੋਇਣ ਦੇਇ ਦਿਖਾਇ ॥ ੧ ॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨ ਗੁਰੂ, ਸਤਿਗੁਰੂ । ਰਾਮ ਸਤਿ, ਗੁਰੂ ਸਤਿ; ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੩੮ ॥

# ਗੰਗਾ ਇਸ਼ਨਾਨ ਦੀ ਅਸਲੀਅਤ

## ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਮਰਦਾਨੇ ਨਾਲ)

ਤਬ ਦਿਲੀ ਤੇ ਗੁਰੂ ਬਾਬਾ ਨਾਨਕੁ ਜੀ ਗੰਗਾ ਤੀਰਥ ਕਉ ਚਲਿਆ । ਆਇ ਗੰਗਾ ਉਤਰੇ । ਪਰਬੁ ਥਾ ਅਰੁ ਲੋਕੁ ਬਹੁਤੁ ਲਾਗਾ ਆਵਣੈ । ਅਰੁ ਨਾਵਣੈ ਕਉ ਕਈ ਸਹੰਸ ਜੀਅ ਲਾਗੇ ਆਵਣੈ; ਗੰਗਾ ਨਾਵਣੇ ਕਉ । ਗੰਗਾ ਨਾਵਣੇ ਕਉ । ਤਬ ਗੁਰੂ ਬਾਬੇ ਨਾਨਕ ਨਾਲਿ ਮਰਦਾਨਾ ਸਾ । ਉਨਿ ਬੇਨਤੀ ਕਰੀ ਜਿ 'ਗੁਰੂ ਬਾਬਾ ਜੀ ! ਏਤਨੇ ਲੋਕ ਗੰਗਾ ਤੀਰਥਿ ਆਏ, ਨਾਤੇ ਤਉ ਖਰੇ ਹੈ । ਕਿਉਂ ? ਜਬ ਏਹਿ ਭਲੇ ਹੈਂ, ਇਨ ਕੇ ਜੀ ਕਿਛੁ ਭਲਾਈ ਹੈ, ਤਉ ਏਹਿ ਈਹਾ ਆਏ ਹੈ । ਜਾਂ ਜੀ, ਏ ਖਰੇ ਹੈ ਤਬ ਹੀ ਏਹਿ ਆਏ ਹੈ । ਜਬ ਏਹਿ ਖੋਟੇ ਹੋਤੇ ਤਬ ਈਹਾ ਕਿਉ ਆਵਤੇ ।' ਤਬ ਗੁਰੂ ਬਾਬਾ ਜੀ ਹਸਿਆ, ਹਸਿ ਕਰਿ ਬਾਨੀ ਬੋਲੀ—

ਸਲੋਕੁ ॥

ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ ॥
ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ॥ ੧ ॥

ਤਿਸੁ ਕਾ ਪਰਮਾਰਥੁ—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ 'ਮਰਦਾਨਿਆ ! ਜਿਉ ਸਰਾਫੁ ਅਗੈ ਬੋਰੀ ਆਣਿ ਘਤੀਦੀ ਹੈ ਦੰਮ ਰੁਪਯੇ ਮੁਹਰਾਂ ਦੀ; ਅਤੇ ਸਰਾਫੁ ਪਰਖਿ ਪਰਖਿ ਖੋਟੇ ਜੁਦੇ ਕਰਦਾ ਹੈ ਅਰੁ ਖਰੇ ਜੁਦਾ ਕਰਦਾ ਹੈ; ਖਰੇ ਲੈ ਜਾਇ ਖਜਾਨੈ ਘਤਦਾ ਹੈ, ਅਰੁ ਖੋਟੇ ਸਟਿ ਘਤਦਾ ਹੈ। ਅਕੇ ਫੇਰਿ ਗਾਲਦਾ ਹੈ । ਤਿਉ ਮਰਦਾਨਿਆ ਜਿਨਾ ਨੋ ਹੁਣਿ ਤੂ ਖਰੇ ਵੇਖਦਾ ਹੈ ਏਨਾ ਦਾ ਪਾਰਖੂ ਏਥੈ ਕੋਈ ਨਾਹੀ ਜਿ ਪਰਖੇ । ਏਨਾ ਦਾ ਪਾਰਖੂ ਆਪਿ ਸਰਾਫੁ ਹੋਇ ਬੈਠੇਗਾ । ਖਰਿਆ ਨੋ ਆਪੈ ਜਾਣੈਗਾ, ਪਰਖਿ ਖਜਾਨੇ ਪਾਏਗਾ, ਜੇਹੀ ਜਾਗਹਾ ਆਪਿ ਹੈ ਤੇਹੀ ਜਾਗਹਾ ਖਰਿਆ ਨੋ ਰਖੇਗਾ, ਅਰੁ ਜੋ ਮਨੁਖ ਖੋਟੇ ਹੋਵਨਗੇ ਸੇ ਫਿਰਿ ਨਰਕ ਜੂਨੀ ਬਾਹੀਅਹਿਗੇ ਤੇ ਪੜੇ ਦੋਜਕਿ ਮਹਿ ਜਲੇਗੇ । ਖਰਾ ਦੁਖ ਪਾਵਹਿਗੇ । ਮਰਦਾਨਿਆ ਸਾਹਿਬ ਕੇ ਦੀਬਾਨਿ ਜਾਣੀਐਗੀ ਖੋਟਿਆਂ ਅਰੁ ਖਰਿਆ ਕੀ ਮਹਮਾ; ਜਿ ਏਹਿ ਖੋਟੇ ਹੈ; ਏਹੁ ਖਰੇ ਹੈ ।' ਬੋਲਹੁ ਵਾਹੁਗੁਰੂ ।

ਤਬ ਮਰਦਾਨੇ ਬੇਨਤੀ ਕਰੀ ਜਿ 'ਬਾਬਾ ਨਾਨਕ ਜੀ ਏਕੁ ਬੇਨਤੀ ਹੈ । ਏਹ ਬਾਤ ਸਹੀ ਤਹਕੀਕੁ ਹੈ, ਪਣੁ ਜਿ ਹੁਣਿ ਇਨਾ ਘਰ ਛਡੇ; ਕੰਮ ਸੰਸਾਰ ਕੇ ਛਡੇ; ਸਭਿ ਥੋਕ ਛਡਿ ਕਰਿ ਜਿ ਤੀਰਥ ਆਏ, ਇਸਨਾਨੁ ਕੀਆ, ਕਿਛੁ ਮੈਲੁ ਊਤਰੀ, ਕਿ ਪਾਪ ਕੀ ਮੈਲੁ ਨਾ ਉਤਰੀਆ ! ਬਾਬਾ ਜੀ ! ਜਿਉ ਹੈ ਕਥਾ ਤਿਉ ਸਮਝਾਈਐ ਜੀ !' ਤਬ ਗੁਰੂ ਬਾਬਾ ਨਾਨਕ ਹਸਿਆ, ਹਸਿ ਕਰਿ ਕਹਿਆ ਜਿ 'ਮਰਦਾਨਿਆ ! ਤੈ ਭਲੀ ਕਹੀ, ਪਣੁ ਪਰਮੇਸੁਰ ਜਿ ਭੇਜੇ ਬਾਣੀ ਸਿ ਸੁਣਿ--

ਸਲੋਕੁ ॥

ਨਾਵਣ ਚਲੇ ਤੀਰਥੀ, ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ, ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂੰਮੜੀ, ਅੰਦਰਿ ਵਿਸੁ ਨਿਕੋਰੁ ॥
ਸਾਧ ਭਲੇ ਅਣਨਾਤਿਆ, ਚੋਰ ਸਿ ਚੋਰਾ ਚੋਰ ॥ ੨ ॥

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾਂ (ਪਹਿਲੇ ਜ਼ਿਲਾ ਹੁਸ਼ਿਆਰਪੁਰ, ਫਿਰ ਹਿਮਾਚਲ ਪ੍ਰਦੇਸ਼)

(ਵਲੋਂ—ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ)

(ਪਿਛੇ ਤੋਂ ਅਗੇ)

**ਨੋਟ**—ਹੁਣ ਲੱਖਾਂ ਦੀ ਲਾਗਤ ਨਾਲ ਨਵੇਂ ਸਿਰੋਂ ਗੁਰਦਵਾਰਾ ਅਤੇ ਸਰੋਵਰ ਤਿਆਰ ਹੋਇਆ ਬਹੁਤ ਸੁੰਦਰ ਹੈ—ਨੰਦੇੜ ਆਏ ਗੁਰੂ ਜੀ ਨੂੰ ਇਕ ਸਾਲ ਤੋਂ ਵਧੀਕ ਹੋਇਆ ਸੀ ਬਾਦਸ਼ਾਹ ਨੇ ਅਜੇ ਤੀਕ ਇਕਰਾਰ ਨੂੰ ਪੂਰਾ ਨਹੀਂ ਸੀ ਕੀਤਾ, ਇਸ ਵਾਸਤੇ ਬੰਦਾ ਸਿੰਘ ਨੂੰ ਪੰਜਾਬ ਭੇਜਿਆ ਸੀ ਕਿ ਮੁਗਲ ਹਾਕਮਾਂ ਪਾਸੋਂ ਬਦਲਾ ਲਿਆ ਜਾਵੇ। ਪਰ ਇਸ ਦੇ ਭੇਜੇ ਦੇ ਥੋੜੇ ਦਿਨਾਂ ਮਗਰੋਂ ਹੀ ਸ਼ਾਹੀ ਸਾਜ਼ਸ਼ ਨਾਲ ਗੁਰੂ ਜੀ ਉਤੇ ਕਟਾਰ ਦਾ ਵਾਰ ਹੋਇਆ ਤੇ ਆਪ ਸਖ਼ਤ ਜ਼ਖਮੀ ਹੋਇ ਸਨ। ਫੇਰ ਕੁਝ ਦਿਨਾਂ ਪਿਛੋਂ ਗੁਰੂ ਗ੍ਰੰਥ ਜੀ ਨੂੰ 'ਚੌਰ ਤਖ਼ਤ ਦੇ ਮਾਲਕ 'ਗੁਰੂ ਆਤਮਾਂ, ਗੁਰਾਂ ਸਿਰ ਗੁਰੂ' ਦੱਸ ਕੇ ਇਨ੍ਹਾਂ ਦੀ ਸ਼ਰਨੀ (ਤਾਬੇ) ਨਾਮ ਅੰਮ੍ਰਿਤ, ਗੁਰਮੰਤ੍ਰ, ਉਪਦੇਸ਼ ਪ੍ਰਚਾਰਨ ਦੀ ਤਾਕੀਦ ਅਤੇ ਧੀਰਜ 'ਗੁਰੂ ਖਾਲਸਾ', ਜੀ ਨੂੰ ਦਿਦੇ ਹੋਇ ਕਤਕ ਸੁਦੀ ਪੰਚਮੀ ਸੰਮਤ ੧੭੬੫ ਬਿਕਰਮੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਸ਼ੈਹਰ ਦਖਣ ਵਿਚ ਜੋਤੀ ਜੋਤ ਸਮਾ ਗਏ। ਜਿਥੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਹਰੀ ਮੰਦਰ ਸਚ ਖੰਡ ਗੁਰਦਵਾਰਾ ਅਟੱਲ ਹੈ।

'ਸ੍ਰੀ ਬਾਬਾ ਅਜੀਤ ਸਿੰਘ ਜੀ ਨੇ ਬੜੇ ਪਿਆਰ ਅਤੇ ਵਿਸ਼ਥਾਰ ਨਾਲ ਗੁਰੂ ਨਾਨਕ ਮਾਰਗ, ਸਿੱਖ ਧਰਮ ਦੇ ਵਿਸ਼ੇਸਣਾਂ, ਤੇ ਗੁਰ ਇਤਿਹਾਸ ਰਾਹੀਂ ਅਪਨੇ ਸਾਹਿਬਜ਼ਾਦੇ 'ਸਾਹਿਬ ਸਿੰਘ ਜੀ ਨੂੰ ਜਾਣੂ ਕਰਾਇਆ। ਇਹਨਾਂ ਨੇ ਵੀ ਧੰਨਵਾਦ ਕਰਦਿਆਂ ਅਪਣੇ ਪੂਜਿਯ ਪਿਤਾ ਦੇ ਚਰਨੀ ਨਿਮਸਕਾਰ ਕੀਤੀ। ਪਰ ਬਾਬਾ ਜੀ ਨੇ ਬੇਅੰਤ ਅਸੀਸਾਂ ਦਿੰਦੇ ਹੋਇ ਆਖਿਆ—ਅਸਾਂ ਨੇ ਚੰਗੇ ਪਿਤਾ ਹੋਣ ਦੇ ਨਾਤੇ ਤੁਹਾਡੇ ਸਰੀਰ ਨੂੰ ਜਿਵੇਂ ਅਰੋਗ, ਸੁੰਦਰ ਤੇ ਬਲੀ ਬਨਾਣ ਦਾ ਜਤਨ ਕੀਤਾ ਹੈ ਜਿਵੇਂ ਆਤਮਾਂ ਨੂੰ ਵੀ ਅਰੋਗ, ਸੁੰਦਰ, ਤੇ ਬਲੀ ਬਨਾਣ ਦੀ ਇੱਛਾ ਵਿਚ ਹੀ ਕਥਾ ਕਹਾਣੀਆਂ ਸੁਣਾ ਸੁਣਾ ਕੇ ਅਪਣੇ ਕਰਤੱਵ ਦਾ ਪਾਲਨ ਕੀਤਾ ਹੈ। ਅਗੋਂ ਵੀ ਜੇਹੜੇ ਪਿਤਾ ਐਸਾ ਕਰਨਗੇ ਉਹ ਸਦਾਚਾਰੀ ਧਰਮੀ ਤੇ ਉਤਮ ਸੰਤਾਨ ਪਾਸੋਂ "ਸਦਾ ਹੀ ਸੁਖ ਪਾਉਣਗੇ।

**ਨੋਟ**—ਬਾਬਾ ਅਜੀਤ ਸਿੰਘ ਜੀ ਨੇ ਅਪਣੇ ਸਾਹਿਬਜ਼ਾਦੇ ਸਾਹਿਬ ਸਿੰਘ ਜੀ ਨੂੰ ਵਿਸਥਾਰ ਪੂਰਬਿਕ ਸਾਰਾ ਗੁਰੂ ਇਤਿਹਾਸ ਸੁਣਾਇਆ ਸੀ। ਜੋ ਪੁਸਤਕ ਦਾ ਅਕਾਰ ਵੱਧਣ ਦੇ ਡਰ ਨਾਲ 'ਦਾਸ ਲੇਖਕ' ਨੇ ਸੰਖੇਪ ਮਾਤ੍ਰ ਹੀ ਦਰਸਾਇਆ ਹੈ। ਇਸ ਦਾ ਅਸਰ ਬਾਬਾ ਸਾਹਿਬ ਸਿੰਘ ਜੀ ਦੀ ਜ਼ਿੰਦਗੀ ਉਤੇ ਕੀ ਪਿਆ ਸੀ? ਇਹ ਪਾਠਕਾਂ ਨੂੰ ਪ੍ਰੇਮ ਨਾਲ ਇਸ ਪੂਰੀ ਪੁਸਤਕ **'ਰਾਜਾ ਜੋਗੀ'** ਦੇ ਪੜ੍ਹਨ ਤੇ ਹੀ ਪ੍ਰਤੀਤ ਹੋਵੇਗਾ, ਸੋ ਅਗੇ ਦੇਖੀਏ।

# ਕਾਂਡ ੨

## ਸ਼ਿਕਾਰ ਖੇਡਣ ਜਾਣਾ ਤੇ ਸਾਧੂ ਦਾ ਮਿਲਾਪ

ਸਤਿਗੁਰਾਂ ਦੀ ਕਥਾ ਸੁਣ ਕੇ ਭਜਨ ਬੰਦਗੀ ਅਤੇ ਸੰਗਤ ਨਾਲ ਮਿਲਾਪ ਰਖਣ ਦਾ ਪ੍ਰਭਾਵ ਤਾਂ ਪੈ ਹੀ ਚੁਕਾ ਸੀ, ਆਪਣੇ ਵਡਿਆਂ ਦੀਆਂ ਸ਼ਿਕਾਰ ਖੇਡਣ ਦੀਆਂ ਸਾਖੀਆਂ ਸੁਣ ਸੁਣ ਕੇ ਆਪ ਨੂੰ ਸ਼ਿਕਾਰ ਖੇਡਣ ਦਾ ਚਾਓ ਵੀ ਹੋ ਆਇਆ। ਕਈ ਹਾਣ ਦੇ ਮੁੰਡੇ ਨਾਲ ਲੈ ਕੇ ਇਕ ਦਿਨ ਸ਼ਿਕਾਰ ਨੂੰ ਤੁਰ ਪਏ। ਘੋੜੇ ਤੇ ਸਵਾਰ ਹੋ ਪਹਿਲੀ ਵੇਰ ਇਨ੍ਹਾਂ ਦਾ ਸ਼ਿਕਾਰ ਜਾਣਾ ਵੇਖ ਕੇ ਹੋਰ ਕਈ ਸਿਆਣੇ ਬੰਦੇ ਪਿਤਾ ਜੀ ਨੇ ਨਾਲ ਲਾ ਦਿਤੇ। ਜੰਗਲ ਵਿਚ ਜਾ ਕੇ ਸ਼ਿਕਾਰ ਦੇ ਢੰਗ ਤੋਂ ਜਾਣੂ ਸ਼ਿਕਾਰੀਆਂ ਨੇ ਇਹਨਾਂ ਨੂੰ ਸਭ ਤੋਂ ਚੰਗੀ ਦਾਓ ਵਾਲੀ ਥਾਂ ਉਤੇ ਬਿਠਾ ਦਿਤਾ, ਤੇ ਆਪ ਵੀ ਵਖੋ ਵਖ ਥਾਵਾਂ ਮੱਲ ਕੇ ਬੈਠ ਗਏ।

ਦੂਜੀ ਵਲੋਂ ਕੁਝ ਹੋਰ ਸ਼ਿਕਾਰੀਆਂ ਤੇ ਪੇਂਡੂ ਲੋਕਾਂ ਨੇ ਢੋਲ ਵਜਾ ਕੇ ਗੋਲੇ ਪਟਾਕੇ ਛਡਦਿਆਂ ਹੋਇਆਂ ਸ਼ੋਰ ਮਚਾਣਾ ਸ਼ੁਰੂ ਕਰ ਦਿਤਾ। ਇਸ ਅਵਾਜ਼ ਨੇ ਜੰਗਲੀ ਜਾਨਵਰਾਂ ਨੂੰ ਆਪੋ ਧਾਪੀ ਪਾ ਦਿਤੀ। ਨਸੇ ਭਜੇ ਜਾਂਦੇ ਹਰਨ, ਸੂਰ, ਸਾਹਿਆ ਜੋ ਜਿਸ ਦੇ ਅਗੇ ਆਇਆ-ਮਾਰ ਗਿਰਾਇਆ। ਪਹਿਲੀ ਵੇਰ ਦੇ ਸ਼ਿਕਾਰ ਵਿਚ ਸਫਲਤਾ ਹੋਈ, ਅਤੇ ਪਿਤਾ ਜੀ ਪਾਸ ਸਾਰੀ ਵਾਰਤਾ ਸੁਣਾ ਕੇ ਅਸੀਸ ਪ੍ਰਾਪਤ ਕੀਤੀ। ਇਸ ਤਰ੍ਹਾਂ ਨਾਲ ਆਪ ਦਾ ਉਤਸ਼ਾਹ ਹੋਰ ਵੀ ਵੱਧ ਗਿਆ ਤੇ ਮਹੀਨੇ ਵਿਚ ਕਈ ਵਾਰੀ ਸ਼ਿਕਾਰ ਲਈ ਜਾਇਆ ਕਰਦੇ।

ਇਕ ਦਿਨ ਆਪ ਸ਼ਿਕਾਰ ਖੇਡਦੇ ਖੇਡਦੇ ਜੰਗਲ ਵਿਚ ਦੂਰ ਨਿਕਲ ਗਏ। ਥਕੇਵੇਂ ਦੇ ਕਾਰਨ ਘੋੜੇ ਥੀਂ ਉਤਰ ਕੇ ਇਕ ਸੰਘਣੇ ਬ੍ਰਿਛ ਥਲੇ ਸਾਰੇ ਬੈਠੇ ਸਨ, ਕਿ ਇਕ ਬ੍ਰਿਧ ਮਹਾਤਮਾ ਸਾਧੂ ਗੁਫਾ ਤੋਂ ਨਿਕਲ ਕੇ ਇਨ੍ਹਾਂ ਦੇ ਸਾਹਮਣੇ ਆਣ ਖਲੋਤਾ। ਇਸ ਨੇ ਆਪਣਾ ਨਾਮ 'ਦੇਵ ਗਿਰ' ਦਸਿਆ, ਅਤੇ ਸੁੰਦਰ ਸੂਰਤ ਸਾਹਿਬਜ਼ਾਦੇ ਬਾਰੇ ਪੁੱਛ ਗਿੱਛ ਕਰਨ ਤੋਂ ਇਸ ਨੂੰ ਵੀ ਪਤਾ ਲਗਾ ਕਿ ਬਾਬਾ ਅਜੀਤ ਸਿੰਘ ਜੀ ਦੇ ਇਹ ਸਾਹਿਬਜ਼ਾਦੇ ਅਤੇ ਬਾਬਾ ਕਲਾਧਾਰੀ ਸਾਹਿਬ ਦੇ ਪੋਤ੍ਰੇ ਹਨ। ਤਾਂ ਪ੍ਰੇਮ ਵਿਚ ਗੱਦ ਗੱਦ ਹੋਇਆ, ਇਸ ਨੇ ਨਿਮਸਕਾਰ ਕੀਤੀ। ਸਾਹਿਬਜ਼ਾਦਾ ਜੀ ਨੇ ਵੀ ਪਿਆਰ ਭਰੇ ਸ਼ਬਦਾਂ ਨਾਲ ਮਹਾਤਮਾਂ ਦਾ ਸਤਿਕਾਰ ਕਰਦਿਆਂ ਵਡੀ ਉਮਰ ਦੇ ਜਾਣ ਕੇ ਕੁਝ ਪਰਮਾਰਥਕ ਬਚਨ ਸੁਣਾਉਨ ਲਈ ਬੇਨਤੀ ਤੇ ਉਹਨਾਂ ਨੇ ਇਉਂ ਸੁਣਾਉਣਾ ਸ਼ੁਰੂ ਕੀਤਾ—

ਮਹਾਰਾਜ! ਜਦੋਂ ਜਗਤ ਵਿਚੋਂ ਧਰਮ ਲੋਪ ਹੋ ਚੁਕਾ ਸੀ, ਅਤੇ ਅਧਰਮ ਦੀ ਬ੍ਰਿਧੀ ਦੇ ਕਾਰਨ, ਅਗਿਆਨ ਭਰਮ ਦੇ ਅੰਧੇਰੇ ਵਿਚੋਂ ਕੱਢ ਕੇ ਪਰਮਾਰਥ ਦੀ ਰਾਹੇ ਪਾਣ ਵਾਲਾ ਕੋਈ ਨਹੀਂ ਸੀ, ਤਾਂ ਜਗਤ ਜੀਵਾਂ ਨੂੰ ਸ਼ਾਂਤੀ ਬਖਸ਼ਨ ਲਈ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਜਿਨ੍ਹਾਂ ਨੇ ਬਾਲ ਲੀਲ੍ਹਾ ਦੇ ਕੌਤਕਾਂ ਨਾਲ ਤਲਵੰਡੀ ਦੇ ਕਈ ਪ੍ਰੇਮੀ ਭਗਤਾਂ ਨੂੰ ਨਿਹਾਲ ਕਰਕੇ 'ਸੁਲਤਾਨ ਪੁਰੇ' ਵਿਚ ਆਕੇ ਮੋਦੀ ਖਾਨਾ ਚਲਾਇਆ। ਉਥੇ ਇਕ ਦਿਨ ਪ੍ਰਭਾਤ ਵੇਲੇ ਅਸ਼ਨਾਨ ਕਰਨ ਲਈ ਜਦੋਂ ਆਪ ਨੇ 'ਵੇਈਂ ਨਦੀ' ਅੰਦਰ ਡੁੱਬਕੀ ਲਾਈ ਤਾਂ ਸਰਬ ਸ਼ਕਤੀਮਾਨ, ਨਿਰੰਕਾਰ ਨੇ ਆਪ ਨੂੰ ਆਪਣੀ

ਹਜ਼ੂਰੀ ਵਿਚ ਬੁਲਾ ਲਿਆ ਸੀ। ਇਨ੍ਹਾਂ ਨੇ ਉਸ ਜੋਤੀ ਸਰੂਪ ਦੇ ਪ੍ਰਤੱਖ ਦਰਸ਼ਨ ਕੀਤੇ। ਸੀਸ ਝੁਕਾਇਆ ਤੇ ਉਹਦੇ ਦਰ ਉਤੇ ਕਈ ਰੂਹਾਂ ਨੂੰ ਕਈ ਤਰ੍ਹਾਂ ਨਾਲ ਸਿਫਤ ਸ਼ਲਾਘਾ ਕਰਦੇ ਡਿਠਾ ਸੀ, ਆਪ ਵੀ ਉਸਦੇ ਪ੍ਰੇਮ ਅੰਦਰ ਰਤੇ ਗਏ ਅਤੇ ਵਜਦ (ਸਰੂਰ) ਵਿਚ ਆ ਕੇ ਆਸਾ ਰਾਗ ਵਿਚ 'ਸੋਦਰ ਤੇਰਾ ਕੇਹਾ ਸੋ ਘਰ ਕੇਹਾ' ਇਸ ਸ਼ਬਦ ਰਾਹੀਂ ਦੂਜੇ ਉਪਾਸ਼ਕਾਂ ਵਲੋਂ ਨਿਰੰਕਾਰ ਦੀ ਉਪਾਸਨਾਂ ਦੇ ਢੰਗ ਦਾ ਨਿਰਨਾ ਅਲਾਪ ਸੁਣਾਇਆ। ਅੰਤ ਵਿਚ ਉਹਨੂੰ ਸਾਰੇ ਪਾਤਸ਼ਾਹਾਂ ਦਾ ਸ਼ਾਹ ਅਤੇ ਉਹਨਾਂ ਦੀ ਪਤਿ (ਇਜ਼ਤ) ਦਾ ਵੀ ਸਾਹਿਬ (ਮਾਲਿਕ) ਦਸ ਕੇ ਉਸ ਪਾਸੋਂ ਇਹ ਮੰਗ ਕੀਤੀ ਕਿ 'ਨਾਨਕ ਰਹਣਿ ਰਜਾਈ' 'ਮੈਂ ਤੇਰੇ ਹੁਕਮ ਵਿਚ ਰਹਿਣਾ ਚਾਹੁੰਦਾ ਹਾਂ।

ਐਸਾ ਹੋਣ ਤੇ ਨਿਰੰਕਾਰ ਦੀ ਪ੍ਰੇਮ ਉਛਲ ਨੇ ਗੁਰੂ ਨਾਨਕ ਜੀ ਦੀ ਆਤਮਾਂ ਨੂੰ ਆਪਣੇ ਅਥਾਹ ਅਨੰਦ ਮੈ-ਜੋਤ ਵਿਚ ਲੀਨ (ਅਭੇਦ) ਕਰ ਲਿਆ। ਇਸ ਲੀਨਤਾ ਅੰਦਰ ਗੁਰੂ ਜੀ ਨੂੰ ਆਪਣੀ ਆਤਮਾ ਪ੍ਰਥਾਂਏ-ਅੰਮ੍ਰਿਤ ਰਸ ਦਾ ਅਸਚਰਜ ਸਵਾਦ ਅਤੇ—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।

ਇਸ ਮੰਤਰ ਦਾ ਉਚਾਰਨ ਤੇ ਗਿਆਨ ਪ੍ਰਤੀਤ ਹੋਇਆ। ਅਤੇ ਇਹ ਵੀ ਸੁਣਿਆ, 'ਨਾਨਕ' ਤੁਸੀਂ ਰਜ਼ਾ ਵਿਚ ਰਹਿਣ ਦੀ ਬਖਸ਼ਸ਼ ਮੰਗੀ ਹੈ, ਮੈਂ ਕਿਰਪਾ (ਬਖਸ਼ਸ਼) ਕਰ ਦਿਤੀ ਹੈ ਹੁਣ ਜਾਓ ਤੇ ਇਸ ਬਖਸ਼ਸ਼ ਨੂੰ ਵੰਡ ਕੇ 'ਜਗਤ ਜਲੰਦੇ' ਨੂੰ ਤਾਰਨ ਦਾ ਯਤਨ ਕਰੋ। ਤਾਂ ਗੁਰੂ ਜੀ ਦੀ ਆਤਮਾਂ ਨੇ ਜੋ ਅਸਚਰਜ ਹੀ ਰਸ ਤੇ ਨਾਮ ਵਿਚ ਗਿੱਝੀ ਹੋਈ ਸੀ, ਉਸ ਤਾਰ ਵਿਚ ਕਰਤਾਰ ਨਾਲ ਜੁੜਿਆਂ ਪੰਜ ਭੂਤਕ ਸ਼ਰੀਰ ਸਹਿਤ ਤਿੰਨ ਦਿਨ ਪਿਛੋਂ ਵੇਂਈ ਨਦੀ ਵਿਚੋਂ ਉਸੇ ਥਾਂਉਂ ਪ੍ਰਗਟ ਹੋਏ ਤੇ ਭਾਰੀ ਤਪਸਿਆ ਕਰਨ ਪਿਛੋਂ ਜਗਤ ਨੂੰ ਉਪਦੇਸ਼ ਸੁਣਾਇਆ ਸੀ। ਭਾਈ ਗੁਰਦਾਸ ਜੀ ਨੇ ਭੀ ਇਉਂ ਲਿਖਿਆ ਹੈ।

ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ।
ਰੇਤ ਅਕ ਅਹਾਰ ਕਰ ਰੋੜਾਂ ਕੀ ਗੁਰ ਕਰੀ ਵਛਾਈ।
ਭਾਰੀ ਕਰੀ ਤਪਸਿਆ ਵਡੇ ਭਾਗ ਹਰਿ ਸਯੋਂ ਬਨਿ ਆਈ।
ਬਾਬਾ ਪੈਂਧਾ ਸਚ ਖੰਡ ਨਉਨਿਧ ਨਾਮ ਗਰੀਬੀ ਪਾਈ।
ਬਾਬਾ ਦੇਖ ਧਿਆਨ ਧਰ ਜਲਦੀ ਸਭ ਪ੍ਰਿਥਵੀ ਦਿਸ ਆਈ।
ਬਾਝਹੁ ਗੁਰੂ ਗੁਬਾਰ ਹੈ-ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ।
ਚੜਿਆ ਸੋਧਨ ਧਰਤ ਲੁਕਾਈ। (ਵਾਰ ੧ ਪਉੜੀ ੨੪)

ਸਾਧੂ ਦੇਵ ਗਿਰ ਨੇ ਦਸਿਆ, ਕਿ ਬਾਬਾ ਨਾਨਕ ਜੀ ਨੇ ਅਕਾਲ ਪੁਰਖ ਗੁਰ ਪਰਮੇਸ਼ੁਰ ਪਾਸੋਂ ਨੌਂ ਨਿਧ ਭਰਪੂਰ ਅੰਮ੍ਰਿਤ ਨਾਮ ਅਤੇ ਗਰੀਬੀ ਦੀ ਬਖਸ਼ਸ਼ ਪਾ ਕੇ ਭਾਰੀ ਤਪਸਿਆ ਕੀਤੀ, ਫੇਰ ਉਦਾਸੀ ਬਾਣਾ ਧਾਰ ਧਰਤੀ ਦਾ ਰਟਨ ਕਰਕੇ ਲੋਕਾਂ ਤਾਂਈ ਬੰਦਗੀ ਤੇ ਪ੍ਰੀਤੀ ਕਰਨ ਦਾ ਉਪਦੇਸ਼

ਦਿਤਾ। ਪਰ ਜਿਨ੍ਹਾਂ ਦੁਸ਼ਟ ਲੋਕਾਂ ਰਾਜ ਵਿਚ ਮਤੇ ਹੋਏ 'ਰਾਜੇ ਸ਼ੀਂਹ ਮੁਕੱਦਮ ਕੁਤਿਆਂ' ਨੇ ਗਰਦਨ ਅਕੜਾਏ ਰਖੀ, ਉਹਨਾਂ ਦੇ ਅਭਿਮਾਨ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਤੋੜਿਆ। ਫੇਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ। ਜਿਸ ਨੇ ਪਾਪ ਰਾਜ ਦੀਆਂ ਜੜ੍ਹਾਂ ਪੁੱਟ ਕੇ ਧਰਮੀ ਰਾਜ ਦੀਆਂ ਨੀਂਹਾਂ ਗੱਡ ਦਿਤੀਆਂ। ਪਰ ਰਾਜ ਗਰਦੀ ਦੇ ਕਾਰਨ ਪਰਜਾ ਨੂੰ ਅਜੇ ਤੀਕ ਸੁਖ ਦੀ ਨੀਂਦ ਸੌਣਾ ਨਹੀਂ ਮਿਲਦਾ। ਅੱਜ ਆਪ ਦੇ ਦਰਸ਼ਨ ਅਤੇ ਸੁਭਾਓ ਤੋਂ ਮੈਨੂੰ ਸੁਝਦਾ ਹੈ ਕਿ ਆਪ ਦਾ ਸੰਸਾਰ ਵਿਚ ਆਉਣਾ ਵੀ ਕਿਸੇ ਖ਼ਾਸ ਐਸੇ ਮੰਤਵ ਲਈ ਹੋਇਆ। ਗੁਰੂ ਨਾਨਕ ਆਪ ਦੇ ਸਹਾਏ ਹੋਵਣ। ਆਪ ਸ਼ੀਘਰ ਹੀ ਦੁਸ਼ਟ ਨਾਸ਼ਕ ਅਤੇ ਸੰਤ ਸਹਾਇਕ ਸਾਬਤ ਹੋਵੋਗੇ। ਇਉਂ ਆਖ ਕੇ ਉਚੀ ਅਵਾਜ਼ ਵਿਚ ਸ਼ਬਦ ਦੀਆਂ ਇਹ ਤੁੱਕਾਂ ਪੜ੍ਹਦਿਆਂ ਸਾਧੂ ਗੁਫਾ ਅੰਦਰ ਚਲਾ ਗਿਆ—

ਹਰਿ ਹਰਿ ਕਰਤ ਮਿਟੇ ਸਭਿ ਭਰਮਾ।
ਹਰਿ ਕੋ ਨਾਮੁ ਲੇ ਊਤਮ ਧਰਮਾ।
(ਅੰਤਮ ਤੁਕ) ਪ੍ਰਣਵੈ ਨਾਮਾ ਐਸੋ ਹਰੀ।
ਜਾਸੁ ਜਪਤ ਭੈ ਅਪਦਾ ਟਰੀ।

ਹੁਣ ਸਾਹਿਬਜ਼ਾਦਾ ਜੀ ਸਣੇ ਸਾਥੀਆਂ ਦੇ ਪਿਛੇ ਨੂੰ ਪਰਤ ਆਏ।

## ਪ੍ਰੋਧਾ ਬ੍ਰਾਹਮਨ ਨੂੰ ਉਪਦੇਸ਼

ਛੋਟੀ ਅਵਸਥਾ ਵਿਚ ਹੀ ਆਪ ਨੂੰ ਗੁਰਬਾਣੀ ਨਾਲ ਪਿਆਰ ਹੋ ਚੁਕਾ ਸੀ। ਪਾਠ ਅਭਿਆਸ ਕਰਦਿਆਂ ਆਪ ਜੀ ਕਦੀ ਕਦੀ ਪ੍ਰਚਾਰ ਵੀ ਕਰਿਆ ਕਰਦੇ ਅਤੇ ਸ਼ਿਕਾਰ ਖੇਡਦਿਆਂ ਹੋਇਆਂ ਨਾਲ ਦੇ ਮੁੰਡਿਆਂ ਸਣੇ ਸ਼ਸਤਰ ਵਿਦਿਆ ਵੀ ਸਿਖ਼ਦੇ ਸਿਖਾਂਦੇ ਰਹਿੰਦੇ। ਜੰਗਲ ਅੰਦਰ ਸਾਧੂ ਮਿਲਾਪ ਅਤੇ ਉਹਦੇ ਕੋਮਲ ਬਚਨਾਂ ਦਾ ਇਹਨਾਂ ਦੇ ਦਿਲ ਤੇ ਚੰਗਾ ਪ੍ਰਭਾਵ ਪਿਆ। ਆਪ ਹੁਣ ਕੁਝ ਸਮਾਂ ਰੋੜਾਂ ਦੀ ਵਡਾਈ ਕਰਨ ਵਾਲੇ ਗੁਰੂ ਨਾਨਕ ਦਾ ਧਿਆਨ ਧਰ ਇਕਾਂਤ ਵਿਚ ਬੈਠ ਕੇ ਭਜਨ ਬੰਦਗੀ ਵੀ ਕਰਦੇ ਤੇ ਕੁਝ ਸੋਚਦੇ ਵੀ ਰਹਿੰਦੇ।

ਇਕ ਦਿਨ ਇਕਾਂਤ ਵਿਚ ਬੈਠੇ ਸਨ, ਤਾਂ ਇਕ ਪ੍ਰੋਧਾ ਬ੍ਰਾਹਮਣ ਨੇ ਅਦਬ ਨਾਲ ਆ ਕੇ ਮੱਥਾ ਟੇਕਿਆ, ਆਖਣ ਲਗਾ: ਮਹਾਰਾਜ ਮੈਂ ਕਾਮ ਕਰੋਧ ਨਾਲ ਜਲਿਆ ਅਤੇ ਵਿਦਿਆ ਹੰਕਾਰ ਨਾਲ ਢੁੰਡਿਆ ਹੋਇਆ ਹਾਂ। ਪੋਥੀਆਂ ਪੁਰਾਨ ਪੜ੍ਹਦਿਆਂ ਤੇ ਕਰਮ ਕਾਂਡ ਕਰਾਂਦਿਆਂ ਅਜੇ ਤੀਕ ਮਾਨਸਕ ਸ਼ਾਂਤੀ ਨਹੀਂ ਪਾ ਸਕਿਆ। ਆਪ ਖੇਡਦੇ ਖਿਡਾਂਦੇ ਕਿਤੇ ਬਾਹਰ ਜਾਂਦੇ ਹੋ ਤਾਂ ਦਰਸ਼ਨ ਕਰਦਿਆਂ ਹੀ ਮਨ ਵਿਚ ਠੰਡ ਪੈ ਜਾਂਦੀ ਹੈ। ਪਤਾ ਨਹੀਂ ਆਪ ਦੇ ਦਰਸ਼ਨ ਵਿਚ ਕੀ ਜਾਦੂ ਹੈ ਅਤੇ ਨੇਤ੍ਰ ਦ੍ਰਿਸ਼ਟੀ ਵਿਚ ਕੀ ਭਰਿਆ ਪਿਆ ਹੈ? ਇਉਂ ਆਖ ਕੇ ਇਸ ਨੇ ਫੇਰ ਚਰਨਾਂ ਉਤੇ ਸਿਰ ਰੱਖ ਦਿਤਾ ਅਤੇ ਆਖਿਆ-ਮੈਨੂੰ ਸ਼ਾਂਤੀ ਦੀ ਦਾਤ ਬਖਸ਼ੋ।

ਪੰਡਤ ਪਰੋਧਾ ਦੇ ਪਿਆਰ ਅਤੇ ਨਿੰਮਰਤਾ ਭਰੇ ਬਚਨ ਸੁਣ ਕੇ ਸਾਹਿਬਜ਼ਾਦਾ ਜੀ ਨੇ ਉਹਦਾ ਸਿਰ ਚੁਕਿਆ, ਆਖਿਆ—ਸਵਾਮੀ ਜੀ ਤੁਸੀਂ ਆਪ ਗੁਣਵਾਨ ਹੋ, ਅਤੇ ਪਿੰਡ ਵਿਚ ਵੀ ਪਿਆਰ ਦੀ ਨਿਗਾਹ ਨਾਲ ਵੇਖੇ ਜਾਂਦੇ ਹੋ। ਸਾਡੀ ਤਾਂ ਬਾਲ ਅਵਸਥਾ ਹੈ। ਅਸੀਂ ਆਪ ਨੂੰ ਕਿਵੇਂ ਸ਼ਾਂਤੀ ਦੇ ਸਕਦੇ ਹਾਂ? ਜਦੋਂ ਕਿ ਖਾਣ, ਪਹਿਨਣ ਅਤੇ ਖੇਡਣ ਵਿਚ ਹੀ ਸਾਡਾ ਧਿਆਨ ਹੈ।

ਅਜੇ ਆਪ ਇਹ ਆਖ ਹੀ ਰਹੇ ਸਨ, ਕਿ ਪੰਡਤ ਨੇ ਫੇਰ ਬੇਨਤੀ ਕਰਦਿਆਂ ਆਖਿਆ—ਇਉਂ ਨਾਂ ਕਹੋ। ਆਪ ਅੰਦਰ ਗਿਆਨ ਦੀ ਉਹ ਜੋਤੀ ਜੱਗ ਰਹੀ ਹੈ, ਜਿਹੜੀ ਜਗਿਆਸੂਆਂ ਦੇ ਭਰਮ ਅੰਧੇਰੇ ਨੂੰ ਦੂਰ ਕਰਕੇ ਮਨਾਂ ਅੰਦਰ ਗਿਆਨ ਦਾ ਪ੍ਰਕਾਸ਼ ਕਰ ਸਕਦੀ ਹੈ। ਨੇਤਰਾਂ ਦੀ ਅੰਮ੍ਰਿਤ ਦ੍ਰਿਸ਼ਟੀ ਨਾਲ ਸ਼ਰਧਾਲੂਆਂ ਨੂੰ ਸ਼ਾਂਤੀ ਅਤੇ ਹਉਮੈ ਦੇ ਰੋਗੀਆਂ ਦੇ ਰੋਗ ਕਟੇ ਜਾ ਸਕਦੇ ਹਨ। ਕਿਰਪਾ ਕਰੋ ! ਤੇ ਠੰਡ ਵਰਤਾ ਦਿਓ। ਸਾਹਿਬਜ਼ਾਦਾ ਜੀ ਨੇ ਪੰਡਤ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਦੀ ਨਿਮਰਤਾ ਤੇ ਪਿਆਰ ਦੇਖਿਆ, ਤਾਂ ਆਪ ਜੀ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਇਹ ਸ਼ਲੋਕ ਪੜ੍ਹ ਕੇ ਸੁਣਾਇਆ—

ਹਉਮੈ ਇਹਾ ਜਾਤਿ ਹੈ ਹਉਮੈ ਕਰਮ ਕਮਾਹਿ।
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।
ਹਉਮੈ ਕਿਥਹੁ ਉਪਜੈ ਕਿਤੁ ਸੰਜਮਿ ਇਹ ਜਾਇ।
ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ।
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ।

(ਆਸਾ ਜੀ ਦੀ ਵਾਰ-ਸਲੋਕ ਮ: ੨)

ਫੇਰ ਆਖਿਆ—ਹੇ ਪੰਡਤ ਜੀ ! ਸਤਿਗੁਰਾਂ ਨੇ ਸਾਰੀ ਅਸ਼ਾਂਤੀ ਕਲਪਨਾਂ, ਅਤੇ ਰੋਗਾਂ ਦੀ ਜੜ੍ਹ ਇਹ 'ਹਉਮੈ' ਹੀ ਦੱਸੀ ਹੈ। ਇਉਂ ਸਮਝੋ ਕਿ ਇਹਨੂੰ ਸਭ ਥੀਂ ਵੱਡਾ ਰੋਗ "ਕੋਹੜ" ਕਥਨ ਕੀਤਾ ਹੈ। ਪਰ ਜਿਹੜਾ ਅਰੋਗ ਹੋਣਾ ਲੋੜ ਉਸ ਲਈ ਗੁਰੂ ਕਾ ਸ਼ਬਦ (ਨਾਮ ਦਾਰੂ) ਹੈ, ਤੇ ਅਭਿਆਸ ਕਮਾਵਣਾ (ਨਾਮ ਸਿਮਰਨ ਦਾ ਜਤਨ ਕਰਨਾ) ਇਹ ਮਨੁੱਖ ਦੇ ਵਾਸਤੇ ਯਤਨ ਦਸਿਆ ਹੈ। ਇਹ ਤਦੇ ਸੁਫਲ ਹੋ ਸਕਦਾ ਹੈ ਜੇ ਗੁਰੂ ਪਰਮੇਸ਼ਵਰ ਦੀ ਕਿਰਪਾ ਹੋਵੇ, ਅਤੇ ਕਿਰਪਾ ਤਦੇ ਹੋ ਸਕਦੀ ਹੈ, ਜੇ ਮਨ ਬਾਣੀ ਸਰੀਰ ਕਰਕੇ ਅਪਣਤ ਗੁਵਾ ਦੇਵੇ, ਅਤੇ ਸੁਰਤ ਉਚੀ ਰਖ ਕੇ ਗੁਰ ਕਿਰਪਾ ਦਾ ਪਾਤਰ ਬਣੇ ! ਯਥਾ

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ।

ਇਸ ਤਰ੍ਹਾਂ ਦਾ ਗੁਰੂ ਕਾ ਸ਼ਬਦ ਕਮਾਉਣਾ ਚਾਹੀਏ। ਇਸ ਗੁਰੂ ਸ਼ਬਦ ਨਾਮ ਦਾਰੂ ਨਾਲ ਹੀ ਹਉਮੈ ਦੇ ਰੋਗੀਆਂ ਨੂੰ ਅਰੋਗ ਕਰਕੇ ਗੁਰੂ ਜੀ ਨੇ ਸ਼ਾਂਤੀ ਬਖਸ਼ੀ ਹੈ।

ਸੋ-ਤਨ ਹੰਗਤਾ, ਧਨ ਹੰਗਤਾ, (ਵਿਦਿਆ ਅਭਮਾਨ) ਮਨ ਹੰਗਤਾ-ਨੂੰ ਤਿਆਗ ਕੇ ਜੇਕਰ ਤੁਸੀਂ ਭੀ ਅੰਮ੍ਰਿਤ ਵਲੇ ਦਾ ਜਾਗਣਾ, ਸੌਚ ਇਸ਼ਨਾਨ ਕਰਨਾ, ਅਤੇ ਵਾਹਿਗੁਰੂ ਮੰਤਰ ਦਾ ਸਿਮਰਨ ਅਭਿਆਸ ਨਿਤ ਕਰਦੇ ਹੋਏ ਮਨ ਨੂੰ ਟਿਕਾਓਗੇ ਤਾਂ ਨਿਸਚੇ ਹੀ ਸ਼ਾਂਤੀ ਪਾਉਗੇ। ਇਹ ਕਰਤੇ ਕੀ ਵਿਦਿਆ ਹੈ। 'ਜਿਨ ਕੀਤੀ ਸੋ ਪਾਰ ਪਿਆ' ਹੈ। ਇਹੋ ਸਿਧਾਂਤ ਸਤਿਗੁਰੂ ਨਾਨਕ ਜੀ ਦਾ ਹੈ, ਤੇ ਅਸੀਂ ਵੀ ਇਸੇ ਆਹਰੇ ਲਗੇ ਪਏ ਹਾਂ।

ਸਾਹਿਬਜ਼ਾਦਾ ਸਾਹਿਬ ਦੇ ਇਸ ਰੀਤੀ ਦੇ ਬਚਨ ਸੁਣਾਂਦਿਆਂ ਹੀ ਬ੍ਰਾਹਮਨ ਪੰਡਤ ਦੇ ਨੇਤਰ ਮੁੰਦੇ ਗਏ । ਤੇ ਸੁਰਤ ਇਕਾਗਰ ਹੋ ਕੇ ਸਿਮਰਨ ਅਭਿਆਸ ਵਿਚ ਜੁੜ ਗਈ । ਸਰੀਰ ਦੀ ਸੁੱਧ ਤੀਕ ਨਾ ਰਹੀ । ਅੱਧਾ ਪਹਿਰ ਦੇ ਲਗ ਪਗ ਮਗਰੋਂ ਸਾਹਿਬਜ਼ਾਦੇ ਜੀ ਨੇ ਅਪਨੇ ਹੱਥਾਂ ਨਾਲ ਹਲਾ ਕੇ ਸੁਰਤ ਵਿਚ ਲਿਆਂਦਾ । ਅੱਖ ਖੁਲਣ ਤੇ ਪ੍ਰੇਮ ਵਿਚ ਬਿਹਬਲ ਹੋਏ ਨੇ ਆਪਣੇ ਅੰਦਰ ਐਸੀ ਅਸਚਰਜ ਠੰਡਕ ਪ੍ਰਤੀਤ ਕੀਤੀ, ਜੋ ਅਗੇ ਇਸ ਨੂੰ ਕਿਸੇ ਵੇਲੇ ਅਨੁਭਵ ਨਹੀਂ ਹੋਈ ਸੀ । ਪਹਿਲਾਂ ਇਹ ਦਿਨ ਚੜੇ ਇਸ਼ਨਾਨ ਕਰਦਾ ਤੇ ਸੂਰਜ ਦੀਆਂ ਕਿਰਣਾਂ ਰਾਹੀਂ ਪਿਤਰਾਂ ਨੂੰ ਪਾਣੀ ਪੁਚਾਉਣ ਦੀ ਮਨੌਤ ਵਿਚ ਰੁੱਝਾ ਰਹਿੰਦਾ । ਫਿਰ ਧੋਤੀ ਟਿੱਕੇ ਦੇ ਸੰਵਾਰਨ ਤੇ ਸਜਾਵਟਾਂ ਵਿਚ ਹੀ ਸਮਾਂ ਬਿਤਾ ਦਿਤਾ ਕਰਦਾ । ਪਰ ਇਸ ਦਿਨ ਥੀਂ ਇਹਨੇ ਅੰਮ੍ਰਿਤ ਵੇਲੇ, ਦਾ ਇਸ਼ਨਾਨ, ਸ੍ਰੀ ਜਪੁਜੀ ਦਾ ਪਾਠ, ਅਤੇ ਵਾਹਿਗੁਰੂ ਗੁਰ ਮੰਤ੍ਰ ਦੇ ਜਾਪ ਅਭਿਆਸ ਨਾਲ ਮਨ ਨੂੰ ਸ਼ਾਂਤ ਕਰਨ ਲੱਗਾ ਸੀ ।

# ਸ੍ਰੀ ਬਾਬਾ ਅਜੀਤ ਸਿੰਘ ਜੀ ਨੇ 'ਬਾੜੀਏ' ਜਾਣਾ ਤੇ ਉਥੋਂ ਹੀ ਤੀਰਥਾਂ ਨੂੰ ਚਾਲੇ ਪਾ ਦੇਣੇ

ਉਸ ਸਮੇਂ ਵੀ ਦੇਸ਼ ਅੰਦਰ ਰਾਜ ਗਰਦੀ ਕਿਧਰੇ-ਕਿਧਰੇ ਮਚੀ ਰਹਿੰਦੀ ਸੀ । ਇਕ ਵੈਰੀ ਤੁਰਕ ਸੈਨਾਂ ਨੇ ਲੁੱਟ ਮਾਰ ਕਰਦਿਆਂ 'ਡੇਹਰਾ ਬਾਬਾ ਨਾਨਕ' ਵਲੇ ਵੀ ਰੁੱਖ ਕੀਤਾ । ਬਹੁਤੇ ਲੋਕੀ ਆਪਣਾ ਬਚਾਉ, ਘਰ ਛੱਡ ਕੇ ਲਾਂਭੇ ਹੋ ਜਾਣ ਵਿਚ ਹੀ ਸਮਝਦੇ ਹੋਇ ਦੂਰ ਦੂਰ ਥਾਵਾਂ ਵਿਚ ਜਾਣ ਲਗੇ । ਬਾਬਾ ਅਜੀਤ ਸਿੰਘ ਨੇ ਵੀ ਬਲਦੇ ਭਾਂਬੜ ਥੀਂ ਪਰੇ ਹੋ ਜਾਣਾ ਹੀ ਚੰਗਾ ਜਾਣਿਆ । ਤੇ ਸਾਰੇ ਪ੍ਰਵਾਰ ਸਣੇ ਅਪਣੇ ਭ੍ਰਾਤਾ ਬਾਬਾ ਧਰਮ ਸਿੰਘ ਪਾਸ ਚਲੇ ਗਏ ।

ਬਾੜੀਏ ਆਇਆਂ ਅਜੇ ਬਹੁਤੇ ਦਿਨ ਨਹੀਂ ਹੋਇ ਸਨ, ਇਕ ਦਿਨ ਬਾਬਾ ਅਜੀਤ ਸਿੰਘ ਜੀ ਨੇ ਆਪਣੀ ਧਰਮ ਪਤਨੀ 'ਸਰੂਪਾਂ ਦੇਵੀ ਨੂੰ ਅਪਣੇ ਮਨ ਦਾ ਸੰਕਲਪ ਦਸਿਆ ਤੇ ਆਖਿਆ-ਕਿ ਸਾਹਿਬਜ਼ਾਦਾ ਸਾਹਿਬ ਸਿੰਘ ਹਰ ਤਰ੍ਹਾਂ ਯੋਗ ਅਤੇ ਸੰਗਤਾਂ ਨੂੰ ਸੰਭਾਲਨ ਵਿਚ ਸਿਆਣਾ ਹੋ ਗਿਆ ਹੈ । ਅਸੀਂ ਹੁਣ ਬਾਕੀ ਦਾ ਸਮਾਂ ਤੀਰਥ ਯਾਤਰਾ ਅਤੇ ਸੁਤੰਤ੍ਰ ਪ੍ਰਚਾਰ ਵਿਚ ਬਤੀਤ ਕਰਦੇ ਹੋਏ ਵਾਹਿਗੁਰੂ ਵਿਚ ਲੀਨ ਰਹਿਣਾਂ ਚਾਹੁੰਦੇ ਹਾਂ, ਸਾਡਾ ਤੁਸਾਡਾ ਦਰਸ਼ਨ ਸੰਜੋਗ ਅਗੋਂ ਲਈ ਕਰਤਾਰ ਦੇ ਹੁਕਮ ਅੰਦਰ ਹੀ ਹੋ ਸਕਦਾ ਹੈ ।

ਇਹ ਬਚਨ ਸੁਣ ਕੇ ਮਾਤਾ ਜੀ ਬਹੁਤ ਘਬਰਾਏ ਅਤੇ ਬਚਿਆਂ ਦੀ ਛੋਟੀ ਉਮਰਾਂ ਦੱਸ ਦਸਾ ਕੇ ਰੋਕਣ ਦਾ ਯਤਨ ਵੀ ਕੀਤਾ । ਪਰ ਬਾਬਾ ਜੀ ਨੇ ਸੰਕਲਪ ਨ ਬਦਲਿਆ ਤੇ ਸਾਰੇ ਪ੍ਰਵਾਰ ਨੂੰ ਅਸੀਸਾਂ ਦਿੰਦੇ ਹੋਏ ਚਾਲੇ ਪਾ ਦਿਤੇ ।

# ਅਰਥਾਂ ਸਹਿਤ ਗੁਰਬਾਣੀ ਪੜ੍ਹਨੀ

ਬਾਬਾ ਅਜੀਤ ਸਿੰਘ ਜੀ ਦੇ ਤੀਰਥ ਯਾਤਰਾ ਚਲੇ ਜਾਣ ਮਗਰੋਂ ਸਾਹਿਬਜ਼ਾਦਾ ਸਾਹਿਬ ਸਿੰਘ ਤੇ ਇਨ੍ਹਾਂ ਦੀ ਮਾਤਾ ਜੀ ਉਦਾਸ ਜ਼ਰੂਰ ਰਹੇ । ਪਰ ਮਾਤਾ ਜੀ ਬੜੀ ਸੂਝ ਬੂਝ ਰਖਣ ਵਾਲੇ ਤੇ ਪਵਿਤ੍ਰ ਜੀਵਨ, ਧਰਮ ਸ਼ਰਮ ਦੀ ਮਾਨੋ ਮੂਰਤੀ ਸਨ । ਇਹਨਾਂ ਦਾ ਹਰ ਸਮੇਂ ਇਹੀ ਵਿਚਾਰ ਰਹਿੰਦਾ

ਕਿ ਕਿਹਾ ਚੰਗਾ ਹੋਵੇ ਜੇ ਆਪਣੇ ਪਿਤਾ ਦੀ ਤਰ੍ਹਾਂ ਸਾਹਿਬਜਾਦਾ ਨੂੰ ਗੁਰਬਾਣੀ ਅਤੇ ਸਤਿਗੁਰਾਂ ਵਲੋਂ ਪ੍ਰਥਾਂਏ ਉਚਾਰਨ ਕੀਤੇ ਸ਼ਬਦਾਂ ਸਬੰਧੀ ਸਾਰੀਆ ਸਾਖੀਆਂ ਦੀ ਸੋਝੀ ਵੀ ਹੋ ਜਾਏ। ਤਾਕਿ ਗੁਰੂ ਨਾਨਕ ਦੀ ਫੁਲਵਾੜੀ-ਸਿੱਖੀ ਦੇ ਸਿੱਦਕ ਨੂੰ, ਇਸ ਅਫੜਾ ਦਫੜੀ ਦੇ ਸਮੇਂ ਅੰਦਰ ਵੀ ਗੁਰਬਾਣੀ ਦੇ ਅੰਮ੍ਰਿਤ ਰੂਪੀ ਅਰਥ ਬੋਧ ਦਵਾਰੇ ਇਹ ਸਿੰਜਦੇ ਹੋਇ ਹਰਿਆ ਭਰਿਆ ਰਖ ਸਕਣ।

ਇਹ ਸੋਚਦੇ ਹੋਇ ਇਕ ਦਿਨ ਪਿੰਡ ਦੇ ਗਿਆਨੀ ਗ੍ਰੰਥੀ ਸਿੰਘ ਜੀ ਨੂੰ (ਜੋ ਹੋਰ ਕਈ ਬਚਿਆਂ ਨੂੰ ਗੁਰਮੁਖੀ ਤੇ ਗੁਰਬਾਣੀ ਪੜ੍ਹਾਇਆ ਕਰਦੇ ਸਨ) ਮਾਤਾ ਜੀ ਨੇ ਪਾਸ ਬੁਲਾਇਆ ਤੇ ੧੧) ਰੁਪੈ ਨਕਦੀ, ਕੁੱਝ ਮਿਠਾਈ, ਬਸਤ੍ਰ ਦੇ ਕੇ ਆਪਣਾ ਸੰਕਲਪ ਪ੍ਰਗਟ ਕਰਕੇ ਸਾਹਿਬਜ਼ਾਦੇ ਨੂੰ ਇਨ੍ਹਾਂ ਦੇ ਹਵਾਲੇ ਕੀਤਾ, ਕਿ ਅਰਥਾਂ ਸਹਿਤ ਇਨ੍ਹਾਂ ਨੂੰ ਗੁਰਬਾਣੀ ਪੜ੍ਹਾਉਣ।

ਆਪਣੇ ਪਿਤਾ ਬਾਬਾ ਅਜੀਤ ਸਿੰਘ ਜੀ ਤੋਂ ਸੁਣ ਕੇ ਅਤੇ ਪਾਠ ਅਭਿਆਸ ਦੇ ਕਾਰਨ ਬਹੁਤ ਕੁਝ ਅਗੇ ਹੀ ਜਾਣੂੰ ਤੇ ਸਿਆਣੇ ਹੋ ਚੁਕੇ ਸਨ, ਜਿਸ ਲਈ ਥੋੜੇ ਹੀ ਮਹੀਨਿਆਂ ਵਿਚ ਅਰਥਾਂ ਸਹਿਤ ਪਾਠ ਸੁਣ ਕੇ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾ ਲਿਆ। ਪਰ ਕਈ ਹੋਰ ਬਾਬਿਆਂ ਨੇ ਗ੍ਰੰਥੀ ਸਿੰਘ ਉਤੇ ਰੋਸ ਕੀਤਾ-ਕਿ ਇਸ ਨੇ ਸਾਡੇ ਬਚਿਆਂ ਨਾਲ ਵਿਤੱਕਰਾ ਰਖ ਕੇ 'ਸਾਹਿਬ ਸਿੰਘ ਨੂੰ ਛੇਤੀ ਸਿਆਣਾ ਕਰ ਦਿਤਾ ਹੈ। ਇਸ ਗੱਲ ਦਾ ਪਤਾ ਹੋਣ ਤੇ ਸਾਹਿਬਜ਼ਾਦਾ ਜੀ ਨੇ ਬਹੁਤ ਕੁਝ ਧਨ ਬਸਤ੍ਰਾਂ ਦੀ ਭੇਟਾ ਦੇ ਕੇ ਗ੍ਰੰਥੀ ਸਿੰਘ ਗਿਆਨੀ ਜੀ ਨੂੰ ਆਖਿਆ-ਤੁਸੀਂ ਇਸੇ ਤਰ੍ਹਾਂ ਯਤਨ ਨਾਲ ਦੂਜੇ ਬਚਿਆਂ ਤਾਂਈਂ ਪੜਾਈਏ। ਕਿਉਂਕਿ ਤੁਸਾਡੀ ਇਨ੍ਹਾਂ ਨਾਲ ਅੰਨ ਜਲ ਦੀ ਸਾਂਝ ਹੈ। ਇਨ੍ਹਾਂ ਦਾ ਉਲਾਹਮਾਂ ਤੁਸਾਡੇ ਲਈ ਚੰਗਾ ਨਹੀਂ ਹੋ ਸਕਦਾ। ਅਸੀਂ ਜਿਤਨਾ ਪੜ੍ਹਿਆ ਹੈ ਬਹੁਤ ਹੈ। ਇਸ ਨੂੰ ਕਮਾਉਣ ਦਾ ਯਤਨ ਕਰਾਂਗੇ, ਆਪ ਅਸੀਸਾਂ ਦੇਵੋ!

ਇਉਂ ਆਖ ਕੇ ਆਪਣੀ ਪੜ੍ਹੀ ਵਿਦਿਆ ਤੇ ਗੁਰਬਾਣੀ ਗਿਆਨ ਦੀ ਸਫਲਤਾ ਲਈ ਅਰਦਾਸਾ ਸੁਧਾਇਆ। ਫੇਰ ਗੁਰੂ ਗ੍ਰੰਥ ਸਾਹਿਬ ਅਗੇ ਨਿਮਸਕਾਰ ਮਗਰੋਂ ਹੁਕਮ ਲੀਤਾ ਤਾਂ ਇਹ ਸ਼ਬਦ ਆਇਆ ਸੀ :—

ਗਉੜੀ ਮਹਲਾ ੫

ਜੋ ਪ੍ਰਾਣੀ ਗੋਬਿੰਦ ਧਿਆਵੈ। ਪੜਿਆ ਅਣ ਪੜਿਆ ਪਰਮਗਤਿ ਪਾਵੈ ॥੧॥
ਸਾਧੂ ਸੰਗਿ ਸਿਮਰਿ ਗੋਪਾਲ ॥ ਬਿਨ ਨਾਵੈ ਝੂਠਾ ਧਨੁ ਮਾਲ ॥੧॥ ਰਹਾਉ ॥
ਰੂਪ ਵੰਤ ਸੋ ਚਤੁਰੁ ਸਿਆਣਾ। ਜਿਨ ਜਿਨ ਮਾਨਿਆ ਪ੍ਰਭ ਕਾ ਭਾਣਾ ॥੨॥
ਜਗ ਮਹਿ ਆਇਆ ਸੋ ਪ੍ਰਵਾਣ। ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥
ਕਹੁ ਨਾਨਕ ਜਾਕੇ ਪੂਰਨ ਭਾਗ। ਹਰਿ ਚਰਨੀ ਤਾਕਾ ਮਨੁ ਲਾਗ ॥੪॥

## ਬੇਹੋਸ਼ ਹੋ ਗਏ ਬਾਲਕ ਨੂੰ ਸੁਰਤ ਵਿਚ ਲਿਆਂਦਾ

ਇਕ ਦਿਨ ਪਿੰਡ ਦੇ ਬਾਲਕਾਂ ਨਾਲ ਆਪ ਗੇਂਦ ਬੱਲਾ ਖੇਡ ਰਹੇ ਸਨ ਤਾਂ ਹਥੋਂ ਛੁਟ ਕੇ ਬੱਲਾ ਇਕ ਬਾਲਕ ਦੇ ਮੱਥੇ ਵਿਚ ਜਾ ਲੱਗਾ। ਉਹ ਜ਼ਖਮੀ ਹੋ ਕੇ ਡਿਗ ਪਿਆ ਤੇ ਬੇਹੋਸ਼ ਹੋ ਗਿਆ। ਬਾਕੀ ਦੇ ਸਾਰੇ ਬੱਚੇ ਘਬਰਾਏ ਤੇ ਨੱਸ ਭੱਜ ਗਏ। ਇਨ੍ਹਾਂ ਨੇ ਨੇੜੇ ਹੋ ਕੇ ਉਹਦੇ ਸਿਰਤੇ ਮਾਲਸ਼

ਕਰਦਿਆਂ ਕਹਿੰਦੇ ਗਏ—ਬੋਲ 'ਸਤਿਨਾਮੁ' । ਥੋੜ੍ਹੀ ਦੇਰ ਪਿਛੋਂ ਉਸਨੂੰ ਹੋਸ਼ ਆ ਗਈ, ਉਠ ਬੈਠਾ ਤੇ ਬੋਲਿਆ-ਮਹਾਰਾਜ ! ਬੇਹੋਸ਼ੀ ਵਿੱਚ ਮੈਨੂੰ ਸੁਪਨੇ ਦੀ ਤਰਾਂ ਇਉਂ ਪ੍ਰਤੀਤ ਹੋਇਆ, ਕਿ ਮੇਰੀ ਤਾਂ ਅੱਜ ਮੌਤ ਹੋ ਜਾਣੀ ਸੀ, ਪਰ ਆਪ ਨੇ ਮਾਰ ਕੇ ਜਿਵਾਇਆ ਹੈ । ਸਾਹਿਬਜ਼ਾਦਾ ਜੀ ਸੁਣ ਕੇ ਹੱਸ ਪਏ ਤੇ ਆਪਣੇ ਸਾਥੀ ਦੇ ਸ਼ਰਧਾ ਭਰੇ ਬਚਨ ਸੁਣ ਕੇ ਫੁਰਮਾਇਆ—ਅਗੇ ਲਈ ਨਿੱਕੇ ਬੱਚਿਆਂ ਨੂੰ ਗੁਰਮੁਖੀ ਸਿਖਾਇਆ ਕਰੋ । ਕਿਸੇ ਥੀਂ ਕੁਝ ਮੰਗ ਕੇ ਨਾਂ ਖਾਣਾ, ਜੋ ਕੁਝ ਭੇਟਾ ਆਵੇ ਪ੍ਰਵਾਨ ਕਰਨੀ, ਕਿਸੇ ਗਲ ਦੀ ਕੰਮੀ ਨਹੀਂ ਹੋਵੇਗੀ । ਇਸ ਤਰ੍ਹਾਂ ਨਿਰ-ਸੰਕਲਪ ਹੋ ਕੇ ਸੇਵਾ ਕਰਦਿਆਂ ਜੱਸ ਵੀ ਹੁੰਦਾ ਹੈ ਤੇ ਜੀਵਨ ਮੁਕਤੀ ਵੀ ਪ੍ਰਾਪਤ ਹੋ ਜਾਂਦੀ ਹੈ । ਇਸ ਨੇ ਐਸਾ ਹੀ ਕੀਤਾ, ਤੇ ਜ਼ਿੰਦਗੀ ਭਰ ਵਿਦਿਆ ਪੜ੍ਹਾਉਣ ਦੀ ਸੇਵਾ ਹੀ ਨਿਭਾਹ ਕੇ ਪ੍ਰਵਾਨ ਚੜ੍ਹਿਆ ।

## ਧਰਮ ਪ੍ਰਚਾਰ ਅਤੇ ਸੈਰ ਲਈ ਕਸ਼ਮੀਰ ਜਾਣਾ

ਗਰਮੀਆਂ ਦੇ ਦਿਨ ਸਨ, ਸਾਹਿਬਜ਼ਾਦਾ ਸਾਹਿਬ ਸਿੰਘ ਜੀ ਨੇ ਇਕ ਦਿਨ ਅਪਣੀ ਮਾਤਾ ਪ੍ਰਥਾਇ ਕਸ਼ਮੀਰ ਜਾਣ ਦਾ ਸੰਕਲਪ ਪ੍ਰਗਟ ਕੀਤਾ । ਮਾਤਾ ਜੀ ਨੇ ਕਿਸੇ ਗਲੋਂ ਇਨ੍ਹਾਂ ਨੂੰ ਹੋੜਿਆ ਨਹੀਂ ਸੀ, ਰੁੱਖ ਦੇਖ ਕੇ ਅਤੇ ਦੂਰ ਦੇ ਪੈਂਡੇ ਨੂੰ ਮੁਖ ਰਖਦਿਆਂ ਕੁਝ ਸ਼ਾਥੀ ਨਾਲ ਦੇ ਕੇ ਤੋਰ ਦਿਤਾ । ਸਨੇ ਸਨੇ ਰਾਹ ਅੰਦਰ ਕਈਂ ਥਾਂਈਂ ਮੁਕਾਮ ਕਰਦੇ ਤੇ ਦਰਿਆ, ਜੰਗਲ, ਪਹਾੜ ਲੰਘਦੇ ਹੋਏ 'ਸ੍ਰੀ ਨਗਰ' ਪੁੱਜੇ । ਪਹਿਲਾਂ ਆਪ ਜੀ ਨੇ ਅਪਣੇ ਪਰਮ ਪੂਜਯ 'ਬਾਬਾ ਸ੍ਰੀ ਚੰਦ ਜੀ ਅਤੇ ਛੇਵੇਂ ਪਾਤਸਾਹ ਗੁਰੂ ਹਰਿ ਗੋਬਿੰਦ ਸਾਹਿਬਦੇ ਗੁਰਦਵਾਰਿਆਂ ਦੇ ਦਰਸ਼ਨ ਕੀਤੇ । ਭੇਟਾ ਉਪਰਤ ਇਕ ਸ਼ਰਧਾਲੂ 'ਸੁਖ ਜੀਵਨ' ਨਾਮੀ ਦੇ ਪ੍ਰੇਮ ਵੱਸੀ ਹੋ ਕੇ ਉਸ ਦੇ ਘਰ ਨਿਵਾਸ ਰਖਿਆ, ਤੇ ਆਸ਼ਾ ਪੂਰੀ ਕਰਕੇ ਨਿਹਾਲ ਕੀਤਾ ।

ਇਹ ਗੱਲ ਦੋ ਦਿਨਾਂ ਅੰਦਰ ਸਿਰੀ ਨਗਰ ਦੀਆਂ ਸੰਗਤਾਂ ਵਿਚ ਪ੍ਰਗਟ ਹੋ ਗਈ, ਕਿ ਊਨੇ ਵਾਲੇ ਬੇਦੀ ਬਾਬਾ ਕਲਾਧਾਰੀ ਦੇ ਪੋਤਰੇ ਸ੍ਰੀ ਸਾਹਿਬ ਸਿੰਘ ਜੀ ਇਥੇ ਆਏ ਹੋਏ ਹਨ, ਤਾਂ ਸਾਰੀਆਂ ਸੰਗਤਾਂ ਨੇ ਆ ਕੇ ਪਰਸਪਰ ਦਰਸ਼ਨ ਮੇਲੇ ਕੀਤੇ ਅਤੇ ਭੇਟਾ ਦਿਤੀਆਂ । ਰੋਜ ਕਥਾ ਕੀਰਤਨ ਦੀ ਪਰਵਾਹ ਚਲ ਪਿਆ । ਆਪ ਦੀ ਰਸਨਾ ਤੋਂ ਅੰਮ੍ਰਿਤ ਮਈ ਗੁਰਬਾਣੀ ਦੀ ਵਿਚਾਰ ਸੁਣ ਸੁਣ ਕੇ ਲੋਕੀ ਹੈਰਾਨ ਹੋ ਰਹੇ ਸਨ, ਕਿ ਇਨ੍ਹਾਂ ਦੀ ਇਸ ਨੌਜਵਾਨ ਅਵਸਥਾ ਵਿਚ ਹੀ ਬਚਨਾਂ ਅੰਦਰ ਕਿਤਨੀ ਜਾਦੂ ਭਰੀ ਖਿੱਚ ਹੈ । ਇਹ ਅਨੁਮਾਨ ਕੀਤਾ ਜਾਂਦਾ ਸੀ ਕਿ ਇਹ ਵਿਅਕਤੀ ਧੁਰੋਂ ਹੀ ਵਰਸਾਈ ਹੋਈ ਆਈ ਹੈ ।

ਕਿਸੇ ਕਿਸੇ ਦਿਨ ਤਾਂ ਕਸ਼ਮੀਰ ਦੇ ਚੰਗੇ ਚੰਗੇ ਵਿਦਵਾਨ ਪੰਡਤ ਵੀ ਮਿਲ ਕੇ ਇਨ੍ਹਾਂ ਨਾਲ ਗੁਰਬਾਣੀ ਅਤੇ ਗੁਰਮਤ (ਸਿਖ ਧਰਮ) ਦੇ ਸਿਧਾਂਤਾਂ ਸਬਧੀ ਵਿਚਾਰਾਂ ਕਰਦੇ ਤੇ ਸੁਣਦੇ ਰਹਿੰਦੇ । ਆਪ ਦੀ ਰਸਨਾਂ ਥੀਂ ਭਰਵੇਂ ਮਿਠਾਂਸ ਪੂਰਤ ਵਿਖਿਆਨ ਨੇ ਮਾਨੋਂ ਹਰ ਇਕ ਸਿਆਣੇ ਪੁਰਸ਼ ਦੇ ਮਨ ਨੂੰ ਵੱਸ ਕਰ ਲਿਆ ਸੀ । ਜਿਤਣਾ ਚਿਰ ਆਪ ਸਿਰੀ ਨਗਰ ਵਿੱਚ ਰਹੇ ਸਭਨਾਂ ਨੇ ਹਰ ਤਰ੍ਹਾਂ ਦੀ ਸਵਾ ਸੰਭਾਲ ਕਰਕੇ ਆਪਣੇ ਧੰਨ ਭਾਗ ਜਾਣੇ ।

ਗਰਮੀਆਂ ਦੇ ਦਿਨ ਬਿਤਾ ਕੇ ਆਪ ਨੇ ਪੰਜਾਬ ਵਲ ਮੁੜਨ ਦੀ ਤਿਆਰੀ ਕੀਤੀ । ਤਾਂ ਸੰਗਤ ਨੇ ਮਿਲ ਕੇ ੫੦੦) ਨਕਦੀ ਅਤੇ ਹੋਰ ਕਈ ਦੁਸ਼ਾਲੇ ਅਰਪਨ ਕੀਤੇ । ਇਸ ਤਰ੍ਹਾਂ ਆਪ ਨੇ ਕਸ਼ਮੀਰ ਦੀ ਯਾਤਰਾ ਖ਼ਤਮ ਕਰਕੇ ਰਾਹ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ, ਮੁੜ ਬਾੜੀਏ ਆਨ ਨਿਵਾਸ ਕੀਤਾ ।

# ਬਾੜੀਏ ਥੀਂ ਊਨੇ ਸਾਹਿਬ ਆਉਣਾ

ਅਜੇ ਥੋਹੜੇ ਹੀ ਦਿਨ ਬਾੜੀਏਂ ਆਇਆਂ ਹੋਏ ਸਨ ਤਾਂ ਮਾਤਾ ਜੀ ਦੇ ਆਸ਼ੇ ਅਨੁਸਾਰ ਆਪ ਨੇ ਊਨੇ ਜਾਣ ਦੀ ਤਿਆਰੀ ਕਰ ਲਈ । ਭਾਵੇਂ ਬਾਬਾ ਧਰਮ ਸਿੰਘ ਜੀ ਨੇ ਆਪਣੇ ਹੀ ਪਾਸ ਰਖਣ ਦੇ ਬਤੇਰੇ ਯਤਨ ਕੀਤੇ ਪਰ ਆਪ ਜੀ ਨੇ ਨਾ ਮੰਨਿਆ, ਤੇ ਰਸਤੇ ਦੀਆਂ ਸੰਗਤਾਂ ਨੂੰ ਦਰਸ਼ਨ ਪ੍ਰਚਾਰ ਨਾਲ ਨਿਹਾਲ ਕਰਦਿਆਂ ਊਨੇ ਜਾ ਪਰਵੇਸ਼ ਕੀਤਾ । ਨਗਰ ਵਾਸੀਆਂ ਨੇ ਮਾਨੋ ਪ੍ਰੇਮ ਤੇ ਉਤਸ਼ਾਹ ਦਾ ਹੜ ਵਗਾਂਦੇ ਹੋਏ ਆਪ ਦਾ ਸਵਾਗਤ ਕੀਤਾ । ਇਥੇ ਆ ਕੇ ਪਹਿਲਾਂ ਆਪ ਜੀ ਨੇ ਬਾਬਾ ਕਲਾਧਾਰੀ ਦਰਬਾਰ ਦੇ ਦਰਸ਼ਨ ਕੀਤੇ ਭੇਟਾਂ ਚੜ੍ਹਾਈਆਂ । ਫੇਰ ਨਿਯਤ ਅਸਥਾਨ ਵਿਚ ਨਿਵਾਸ ਕੀਤਾ ।

# ਅਯਾਲੀ ਦੀ ਸਾਖੀ

ਊਨੇ ਪੁਜ ਕੇ ਵੀ ਆਪ ਜੀ ਆਪਣੇ ਨਿਤ ਨਿਯਮ ਅਨੁਸਾਰ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਦੇ ਨਾਮ ਸਿਮਰਨ, ਗੁਰਬਾਣੀ ਦੇ ਕੀਰਤਨ, ਕਥਾ ਵੀਚਾਰ, ਨਿੱਤ ਨੇਮ ਥੀਂ ਉਪਰੰਤ ਕਦੀ ਕਦੀ ਆਪ ਜੀ ਸ਼ਿਕਾਰ ਨੂੰ ਵੀ ਚਲੇ ਜਾਂਦੇ ਅਤੇ ਕਦੀ ਕਦੀ ਸੈਰ ਕਰਨ ਨੂੰ ਵੀ ਨਿਕਲ ਜਾਂਦੇ । ਇਕ ਦਿਨ ਆਪ ਜੀ ਬਜ਼ਾਰ ਵਿਚੋਂ ਲੰਘਦੇ ਪਏ ਸਨ ਇਕ ਦੁਕਾਨ ਦੇ ਥੜੇ ਉਤੇ ਬੈਠ ਗਏ । ਥੋੜੇ ਚਿਰ ਮਗਰੋਂ ਇਕ ਅਯਾਲੀ ਬਕਰੀਆਂ ਦਾ ਇੱਜੜ ਲਏ ਇਸ ਪਾਸੇ ਤੋਂ ਜਾ ਰਿਹਾ ਸੀ ਤਾਂ ਇਕ ਛੋਟੀ ਜਹੀ ਬਕਰੋਟੀ ਨੂੰ ਜੋ ਬਹੁਤ ਸੁੰਦਰ ਸੀ ਆਪ ਨੇ ਗਲੇ ਤੋਂ ਫੜ ਲਿਆ ਤੇ ਪਿਠ ਉਤੇ ਹਥ ਫੇਰਦੇ ਹੋਏ ਪਿਆਰ ਕਰਨ ਲਗ ਪਏ ਸਨ । ਸਾਰੀਆਂ ਬਕਰੀਆਂ ਚਲੀਆਂ ਗਈਆਂ ਸੀ ਪਰ ਇਸ ਨੂੰ ਆਪ ਨੇ ਨਹੀਂ ਛਡਿਆ, ਉਸ ਅਯਾਲੀ ਨੇ ਬਕਰੀ ਜੋਰੋ ਜੋਰੀ ਛੁਡਾ ਲੀਤੀ ਤੇ ਬੁੜ ਬੁੜ ਕਰਦਾ ਜੰਗਲ ਨੂੰ ਚਲਾ ਗਿਆ ਸੀ ।

ਕੁਦਰਤ ਕਰਤਾਰ ਦੀ ਚਾਰਾ ਚਰਦਿਆਂ ਥੋੜਾ ਚਿਰ ਹੀ ਬੀਤਿਆ ਸੀ, ਇਕ ਇਸੇ ਛੋਟੀ ਬਕਰੀ ਤੋਂ ਬਿਨਾਂ ਬਾਕੀ ਸਭ ਬਕਰੀਆਂ ਬੇਹੋਸ਼ ਹੋ ਗਈਆਂ-ਡਿਗ ਪਈਆਂ ਸਨ । ਅਯਾਲੀ ਰੋਂਦਾ ਤੇ ਘਬਰਾਇਆ ਹੋਇਆ ਜਿੰਦੀ ਬਕਰੀ ਨੂੰ ਫੜੇ ਘਰ ਆਇਆ ਤੇ ਉਸ ਨੇ ਸਾਰੀ ਗਲ ਬਾਤ ਘਰ ਦਿਆਂ ਨੂੰ ਦੱਸ ਦਿਤੀ । ਜਿਸ ਤੇ ਗਵਾਂਢੀ ਲੋਕਾਂ ਅਤੇ ਘਰ ਵਾਲਿਆਂ ਨੇ ਇਸ ਨੂੰ ਡਾਂਟ ਪਾਈ ਕਿ ਤੈਂ ਨ ਬਾਬੇ ਦੀ ਬਾਰਬਰੀ ਕੀਤੀ ਹੈ ਤਾਂ ਇਉਂ ਹੋਇਆ ਹੈ । ਇਹਨਾਂ ਨੇ ਮਿਲ ਕੇ ਉਹ ਬਕਰੀ ਆਪ ਅਗੇ ਆਣ ਖੜੀ ਕੀਤੀ ਤੇ ਭੁਲ ਦੀ ਖਿਮਾਂ ਮੰਗਦੇ ਹੋਏ ਆਖਿਆ ਬਕਰੀ ਹਾਜ਼ਰ ਹੈ ਲੈ ਲਵੋ

ਇਨ੍ਹਾਂ ਭੋਲੇ ਭਾਲੇ ਲੋਕਾਂ ਤੇ ਅਯਾਲੀਆਂ ਦੀ ਇਹ ਗੱਲ ਸੁਣ ਕੇ ਸ੍ਰੀ ਬਾਬਾ ਜੀ ਖਿੜ ਖਿੜਾ ਕੇ ਹਸਦੇ ਹੋਇਆਂ' ਨੇ ਫੁਰਮਾਇਆ, ਕਿ ਇਸ ਦੀ ਸੁੰਦਰਤਾ ਦੇਖ ਕੇ ਸਾਨੂੰ ਉਹ "ਬਲਿਹਾਰੀ ਕੁਦਰਤ ਵਸਿਆ ਦਿਸ ਪਿਆ ਸੀ । ਅਸੀਂ ਫੜ ਕ ਇਸ ਬਕਰੀ ਨਾਲ ਪਿਆਰ ਕੀਤਾ ਹੈ। ਹੋਰ ਅਸਾਂ ਨੇ ਕੀ ਕਰਨਾ ਸੀ ? ਇਹ ਭੀ ਲੈ ਜਾਈਏ ਤੇ ਕਰਤਾਰ ਸਿਰਜਨ-ਹਾਰ ਜੀ ਅਗੇ ਅਰਜੋਈ ਕਰੀਏ ! ਉਹ ਮਿਰਤਕ ਕੋ ਜੀਵਾਲਨ-ਹਾਰ' ਹੈ ਜਾਓ ! ਦੇਖੋ ਤਾਂ ਸਹੀ—

ਸਾਹਿਬਜ਼ਾਦਾ ਸਾਹਿਬ ਸਿੰਘ ਜੀ ਦੇ ਇਹ ਬਚਣ ਸੁਣ ਕੇ ਇਨ੍ਹਾਂ ਨੂੰ ਧੁਰਵਾਸ ਹੋਈ ਤਾਂ ਬਣ ਵਿਚ ਜਦੋਂ ਜਾਕੇ ਡਿਠਾ ਤਾਂ ਬਕਰੀਆਂ ਪਹਿਲੇ ਵਾਂਗੂੰ ਹੀ ਚਾਰਾ ਚਰਦੀਆਂ ਸਨ । ਇਸ ਕੌਤਕ ਨੂੰ

ਦੇਖ ਕੇ ਸਾਰੇ ਆਏ ਹੋਇਆਂ ਇਨ੍ਹਾਂ ਨੇ ਲੱਖ ਲੱਖ ਧੰਨਵਾਦ ਕੀਤਾ, ਕਿਉਂਕਿ ਇਹਨਾਂ ਦੀ ਇਹੋ ਰਾਸ ਮੂੜੀ ਸੀ, ਜਿਸ ਦੇ ਆਸਰੇ ਇਹ ਆਪਣਾ ਜੀਵਨ ਬਿਤਾਇਆ ਕਰਦੇ ।

# ਬਾਬਾ ਅਜੀਤ ਸਿੰਘ ਜੀ ਦਾ ਕਲਕੱਤੇ ਪੁਜ ਕੇ ਸਰੀਰ ਦਾ ਅੰਤ ਹੋ ਜਾਣਾ

ਬਾਬਾ ਅਜੀਤ ਸਿੰਘ ਜੀ ਜਦੋਂ ਤੀਰਥ ਯਾਤਰਾ ਚਲੇ ਸਨ, ਤਾਂ ਇਨ੍ਹਾਂ ਦੇ ਚਰਨ ਸੇਵਕ ਇਕ ਸਿੱਖ ਨੇ ਅਪਣਾ ਪੁਤਰ ਭੇਟਾ ਕਰਦੇ ਬੇਨਤੀ ਕੀਤੀ ਸੀ, ਮਹਾਰਾਜ ! ਇਹ ਅਜ ਤੋਂ ਆਪ ਦਾ ਹੋਇਆ । ਆਪ ਇਸ ਨੂੰ ਚਰਨ ਸੇਵਾ ਬਖਸ਼ ਕੇ ਮੇਰੀ ਕੁਲ ਨੂੰ ਸਫਲ ਕਰੀਏ ! ਬਾਬਾ ਜੀ ਨੇ ਇਸ ਦੀ ਸ਼ਰਧਾ ਦੀ ਸ਼ਲਾਘਾ ਕਰਦਿਆਂ ਇਸ ਬੱਚੇ ਦੀ ਬਾਂਹ ਫੜ ਲਈ, ਤੇ ਯਾਤਰਾ ਵਿਚ ਨਾਲ ਹੀ ਲੈ ਗਏ । ਇਸ ਦਾ ਨਾਮ 'ਗੁਰਦਿਆਲ ਸਿੰਘ ਸੀ ।

ਤੀਰਥ ਯਾਤਰਾ ਕਰਦੇ ਜਦੋਂ ਆਪ ਜੀ 'ਕਲਕੱਤੇ ਪੁਜੇ, ਤਾਂ ਗੁਰੂ ਨਾਨਕ ਦੇ ਗੁਰਦਵਾਰੇ, ਜਿਥੇ ਗੁਰੂ ਤੇਗ ਬਹਾਦਰ ਵੀ ਜਾਕੇ ਰਹੇ ਸਨ-ਯਾਤਰਾ ਮਗਰੋਂ ਉਥੇ ਹੀ ਨਿਵਾਸ ਰਖਿਆ । ਥੋੜੇ ਦਿਨਾਂ ਪਿਛੋਂ ਅਚਾਨਕ ਹੀ ਆਪ ਦਾ ਸੰਮਤ ੧੯੩੦ ਬਿਕ੍ਰਮੀ ਵਿਚ ਉਥੇ ਦੇਹਾਂਤ ਹੋ ਗਿਆ । ਸਿੱਖ ਸੰਗਤਾਂ ਨੂੰ ਪਤਾ ਲਗਾ ਕਿ ਇਹ ਬੇਦੀ ਬਾਬੇ ਹਨ, ਤਾਂ ਸਭ ਨੇ ਮਿਲ ਕੇ ਪੂਰਨ ਮਰਯਾਦਾ ਅਨੁਸਾਰ ਸ਼ਬਦ ਚੌਂਕੀ ਕਰਦਿਆਂ ਆਪ ਦਾ ਸਸਕਾਰ ਕੀਤਾ, ਸਮਾਧ ਬਣਾਈ ਤੇ ਆਤਮਾਂ ਦੀ ਸਾਂਤੀ ਹਿਤ ਸ੍ਰੀ ਅਖੰਡ ਪਾਠ ਦਾ ਭੋਗ ਪਵਾ ਕੇ ਖੁਲ੍ਹਾ ਲੰਗਰ ਵਰਤਾਇਆ ।

ਗੁਰਦਿਆਲ ਸਿੰਘ ਭਾਵੇਂ ਚੰਗਾ ਸਿਆਣਾ ਤੇ ਜਵਾਨ ਸੀ ਪਰ ਬਾਬਾ ਜੀ ਦੇ ਵਿਛੋੜੇ ਕਰਕੇ ਛੇਤੀ ਉਦਾਸ ਹੋ ਗਿਆ । ਇਹ ਸਫਰ ਕੱਟਦਾ ਹੋਇਆ ਊਨੇ ਸਾਹਿਬ ਪੁੱਜਾ । ਇਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਾ ਸਾਹਿਬ ਸਿੰਘ ਦੇ ਚਰਨੀ ਮੱਥਾ ਟੇਕਿਆ, ਅਤੇ ਨਾਮ ਪਤਾ ਦਸ ਕੇ ਰੋਂਦੇ ਹੋਇ ਨੇ ਬਾਬਾ ਜੀ ਦੇ ਸੱਚ ਖੰਡ ਗਮਨ ਦੀ ਵਾਰਤਾ ਆਖ ਸੁਣਾਈ । ਮਾਨੋ ਸਾਰੇ ਪ੍ਰਵਾਰ ਵਿਚ ਨਿਰਾਸਤਾ ਵਰਤ ਗਈ । ਨਗਰ ਵਾਸੀ ਤੇ ਸੰਗਤ ਦੇ ਮੁਖੀਏ ਪਲ ਵਿਚ ਇਕੱਤ੍ਰ ਹੋ ਆਇ, ਅਤੇ ਬਾਬਾ ਜੀ ਦੇ ਗੁਣਾਂ ਤੇ ਵਡਿਆਈਆਂ ਨੂੰ ਯਾਦ ਕਰਕੇ ਬ੍ਰਿਹੋਂ ਵਿਚ ਰੋਣ ਲਗੇ । ਪਰ ਸਾਹਿਬਜ਼ਾਦਾ ਜੀ ਨੇ ਜਿਨ੍ਹਾਂ ਨੂੰ ਸਭ ਤੋਂ ਵਧੇਰ ਦਿਲ ਨੂੰ ਸੱਟ ਵੱਜੀ ਸੀ, ਭਾਣੇ ਵਿਚ ਸ਼ਾਕਰ ਰਹਿੰਦਿਆਂ ਨੈਨਾਂ ਦੇ ਜਲ ਨੂੰ ਰੋਕਦੇ ਹੋਏ ਸਭਨਾਂ ਨੂੰ ਧੀਰਜ ਦਿਤਾ ਅਤੇ ਇਸ ਸਲੋਕ ਦਾ ਪਾਠ ਕਰਕੇ ਅਪਣੇ ਮੰਨ ਨੂੰ ਵੀ ਧਰਵਾਸ ਬੰਧਾਇਆ ।

ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ।
ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ।

ਦੂਜੇ ਦਿਨ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਪ੍ਰਾਰੰਭ ਕਰ ਦਿਤਾ ਤੇ ਭੋਗ ਸਮੇਂ ਸੇਜਾ ਬਸਤ੍ਰ, ਨਗਦੀ, ਅੰਨ, ਗਊਆਂ ਆਦਿਕ ਦਾ ਦਾਨ ਕਰਕੇ ਸੰਗਤਾਂ ਤਾਂਈਂ ਅਤੁੱਟ ਲੰਗਰ ਛਕਾਇਆ ।

(ਚਲਦਾ)

# GURU NANAK

C. A. Kincaid

The first thing that strikes a visitor to Sind from the Deccan, after he had absorbed the difference in the physical geography, is the gulf between the Hindus of Sind and the Hindus of Maharashtra. There was an old Greek proverb that said, 'Sophias arche, kurio phobos' or the fear of one's lord is the beginning of wisdom. That may have worked well in Hellas, but in India independent enquiries will prove more valuable. If my visitor then begins to probe the matter, he will find that the bulk of the so called Hindus are not orthodox worshippers of the Hindu Triad, but disciples of Nanak Shah. The next stage of enquiry is for the visitor to find one who was Nanak Shah; and in this chapter I propose to save him further trouble by giving a short sketch of that much-revered spiritual leader.

In the month of November, A.D. 1469, Nanak was born in Talwandi in the modern district of Lahore. His parents were Kalu the village accountant and Tripta his wife. Like Zoroaster, Nanak is said to have been born laughing or, to use his mother's phrase, his first cry was, 'as the laughing voice of a wise man joining a social gathering.' Many tales are told of his precocious intelligence, but although he was so quick to absorb knowledge, he soon abandoned worldly studies, telling his school-master. 'To your accomplishments I prefer the study of divine knowledge.' He then, like many another religious reformer, betook himself to the woods and listened to the teachings of the sages and anchorities, who had sought shelter there from religious persecution. From them he learnt great deal; and at fourteen his education was far wider than that of other boys of his age. It was however, time for him to marry and he married Sulakhani, the daughter of one Mula, aresident of Batala in the Gurdaspur District. She bore him in due course two sons, Shri Chand and Lakshmidas.

His father Kalu was anxious to see his son settled in life and after great difficulty persuaded him to become a shopkeeper. He gave Nanak money with which to buy, at the neighbouring town of Chuharkana, stock for his shop. On the way Nanak met some starving anchorites and spent the money in feeding them. When he returned home without either money or purchases, his exasperated father boxed his ears. Nanak smarting at his fathers treatment, left the family house. For a short time he was storekeeper to the governor of Sultanpur, then he became a fakir and began his interminable wanderings. With him journeyed a disciple called Mardana, a Musulman Dum or hereditary minstrel. In the course of his travels Nanak met a notorious

robber called Shaikh Sajjan. This ingenious person had built, to attract wayfarers, both a Hindu temple and a mosque; and he had the manners and tact of an ambassador. Unhappily his subsequent conduct belied his victims first impressions. Once his guests had gone to sleep, he murdered and robbed them and threw their bodies into a neighbouring well. But it was useless for Shaikh Sajjan to try to tick the divine intelligence of Nanak. With the speed of thought, his wickedness was unmasked and he himself converted. He was forced to distribute among the poor his stolen wealth and became a religious ascetic.

There is no doubt but that Nanak was deeply influenced by Islam. He never, it is true, became a Musalman or anything approaching one; for he never accepted Mohomed as a prophet. But he preached monotheism. His doctrine is summarized in the preamble to the Japji.

'There is but one God whose name is true, the Creator devoid of fear and enmity, immortal, unborn, self-existent great and bountiful. Repeat his name.

'The True one was in the beginning; the True one was in the primal age;

'The True one is, was, O Nanak; the True one also shall be.'

He condemned the idols of orthodox Hinduism with great vigour especially at Vrindavan, Mathura and Puri, and after wandering though India, Afghanistan and Ceylon, he resolved to go to Mecca. This was a most daring thing to do, although not perheps so dangerous then as now. He dressed adequately for the part in the blue garb of a Musulman pilgrim. He caried a staff, a cup for his ablutions and a praying carpet. The faithful Mardana shared the perils of the high adventure. On the way they passed a night pleasantly with a Musulman fakir, but next day the fakir took fright, because a cloud just over Nanak's head kept pace with them. He bade Nanak and Mardana leave him and walked on alone.

In due course Nanak and Mardana reached Mecca. Their ignorance of local customs soon got them into trouble. Tired with the journey, Nanak went to sleep with his feet towards the holy Kabba, for which he cared not at all. An Arab priest, deeply shocked, kicked him violently and asked him why he slept with his feet turned towards God, Nanak answered, 'Put my feet where God is not.' The priest seized Nanak by the legs and swung him round. As he swung in a circle, the holiest of all mosques followed his feet, until completing the circle. it returned to its starting place. This striking miracle attracted the priests from all Mecca. They questioned him concerning the nature of God. His reply shows how far removed he was both from Islam and Hinduism. I quote the following lines only :—

"How great shall I call God ? To whom shall I go regarding Him ?

'He is the greatest of the great and great is His word, men depart in their pride.

'I have consulted the four Vedas, but their writings find not God's limits.

'I have consulted the four books of the Musulmans, but God's work is not described in them.

'I, Nanak, say that man shall be true to his faith, if he fear God and do good works.'

From Mecca Nanak moved to Medina and from Medina to Baghdad. There he shouted the call to prayer with great vehemence, but substituted words of his own for the words Mahomed al rasul Allah (Mahomed is the prophet of God), Nanak's apparent fervour drew the attention of the high priest of Baghdad, who asked him to what sect he belonged. Nanak replied,

I have appeared in this age to indicate the way unto men.

I reject all sects and only know one God, whom I recognize in the earth, the heavens and in all directions.'

The high priest was enraged at what he deemed heresy and would have laid hands on 'the very impious fakir.' Nanak however managed to escape and returned to India through the Persian Gulf. After a short stay in Multan, he and Mardana settled at Kartarpur.

There the faithful Mardana fell ill and died. He had been a Musulman, so the question arose as to the disposal of his body. Nanak held that as Mardana had become a Sikh (or one divinely learned) and knew God, he had become the equal of a Brahman, thus on Mardana's death his body was consigned to the River Ravi.

On the death of his old henchman, Nanak appointed his son Shahzada to act as minstrel in his father's place, but the shock of Mardana's death proved too much for Nanak. He did not long survive his friend and disciple. Among the more intimate associates of his later years was one Lahna, a converted priest of Durga. To him Nanak, on feeling his end come near, gave his spiritual succession, naming him Angad or 'Produced from my body.' He passed over his two sons, who had rebelled against him and placed the umbrella of spiritual sovereignty over the head of Angad and bowed down before him. Befose Nanak's death a quarrel arose between His Hindu and Musulman followers (for he had attracted numerous disciples from Islam) as to the disposal of his corpse. The former wished to burn, the latter to bury it. Nanak was asked to decide. He said 'let the Hindus place flowers on my right and the Musulmans on my left. They whose flowers are found fresh to morrow morning may have the disposal of my body.' After the flowers had been put on each side of him, the prophet drew his sheet over the flowers as well as himself. Next morning the

sheet was found unchanged. The disciples removed it, thinking to find the saint's dead body beneath it. The flowers would then guide them as to its disposal. Both sets of flowers they found equally fresh and blooming; but the body had wholly disappeared. The time of Nanak's departure from the earth was on some date in September, A.D., 1538 [Sept. 7, 1539] and it happened at Kartarpur [on the bank of the Ravi, opposite to Dera Baba Nnnak].

The sayings of the great saint were the first to be recorded in the Granth Sahib, the holy book of the Sikhs. His verses were very numerous and are worthy of attention; I quote at random the following verses addressed to the all too bibulous Mardana.

'The barmaid is misery, wine is lust; man is the drinker.

'The company is false and covetous and it is ruined by excess of drink.

'Instead of such wine make good conduct thy yeast, truth thy molasses, God's name thy wine.

'Make merits thy cakes, good conduct thy clarified butter and modesty thy meat to eat.

Such things, O Nanak, are obtained by the guru's favour; by partaking of them sins depart.'

---

# FOUNDER OF SIKHISM : BABA NANAK

Hugh Kennedy Trevaskis

Whilst the British were resting on their laurels and turning the sword of the soldier into the measuring rod and chain of the Settlement Officer; whilst the sepoy army was degenerating under Generals who reviewed their troops in buggies, and Colonels who held parades in pyjamas from the tops of bungalows, a formidable military power had arisen on the banks of the Sutlej. The vitality of this power lay in a new religion, which had its basis in one of the inevitable revolts of tha human soul against the tenets of Brahminism. Many of these revolts were strangled at birth, but Sikhism, like Budhism, came to fruition. Founded by Baba Nanak, a Khatri born near Lahore in 1469, in its origin Sikhism had much in common with Budhism. "Nanak and Buddha alike revolted against a religion overladen with ceremonial and social restrictions; both rebelled against the sore burdens which the priests would have them bear. But the form which the doctrines of each assumed was largely influenced by his surroundings. Buddha lived in the centre of Hindu India, and among the many gods of the Brahmins; these he rejected; he knew of nought else; and he preached that

there was no God. Nanak was born in the Province which then formed the border land between Hinduism and Islam; he was brought up under the shadow of the monotheism of Muhammad, and he taught that there was one God." But that God was neither the God of the Muhammadan nor of the Hindu' but the God of the Universe, of all mankind, and of all religious. The burthern of his teaching, was, "there is no Hindu and no Muhammadan". He rejected the wisdom of the Scribes and the mint and anise and cummin of the Pharisees, and taught that salvation lay in repentance and in pure and righteons conduct. He believed in transmigration, but held that the successive stages were but purifications, and that at last the soul cleansed from its sin went to dwell with its Maker. He did not despise or attack the Hindu and Muhammadan teachers, he held, indeed, that they too had been sent from God, but he preached a higher and purer religion, embracing all that was best in both, but purged from much of evil that had been allowed in either, because of the hardness of men's heart's. He declared himself a prophet, but he claimed neither direct inspiration nor miraculous powers. He prescribed no caste rules or ceremonial observances, and indeed condemned them as unnecessary and even harmful. but he made no violent attack on them, he insisted on no alteration in existing civil and social institutions, and was content to leave the doctrine of the equality of all men in the sight of God to work in the minds of his followers. He respected the Hindu veneration of the cow and the Muhammdan abhorrence of the hog, but recommended as a higher rule than either total abstinence from flesh. In short he attacked nothing, he condemned nobody, but he sought to draw men's minds from the shadow to the substance, to glorify what was highest and best in the religion of each, and was content to leave to all men, at least for a while, the outward and visible signs to which each was accustomed, if only he might bring home to their hearts the inward and spiritual grace which the empty form might perhaps conceal and obstruct but could not wholly destroy.

# Founder of Sikhism—Guru Nanak

Sir Muhammad Iqbal

SIKHS. The term "Sikh" literally means a "learner", a "disciple". The name was for the first time given to the followers of Nanak, the founder of the Sikh faith in the Panjab in the xvth century.

## HISTORY

Sikhism was founded like Buddhism, as protest against the spiritual despotism of the Brahmans and as a revolt against the restrictions of the caste system and the

exaggeration of Hindu ritual. It aimed at teaching social equality and universal brotherhood abolishing sectarianism and denouncing superstition. Nanak, the founder of the creed, was born of Khatri parentage in 1469 at Talwandi (now called after him Nankana), a small town not far from Lahore. He did not receive much school education, yet he was from his early youth given to meditation and original thinking, and was, like the Arabian prophet. gifted by nature with strong common sense. He showed an aversion to all sorts of worldly pursuits and it was with some difficulty that he was persuaded by his father to go to Sultanpur (at present in the Kapurthala state) to enter the private service of Nawab Dawlat Khan Lodhi, the governor of the province. The Nawab appointed him storekeeper to his household, and he performed his offical duties for several years to the satisfaction of his employer. In his leisure hours he retired to the jungles for meditation, and tradition says that in one of these devotional excursions he was taken in a vision to the Divine Presence and there received his mission to preach to the world that "there is but one God whose name is True, the Creator, devoid of fear and enmity, immortal, unborn, self-existant, great and bountiful". Nanak now left tke service of the Nawab and became (at the age of 30) a public preacher. He began a series of tours in the course of which he visited all parts of India, particularly the sacred places of the Hindus and shrines of Muslim saints. Wherever he went he held controversies with priests and shaikhs, demonstrated the futility of their belief in dogmas and rituals, and taught the necessity of self-denial, morality and truth. He is also said to have travelled through Persia and to have visited Mecca and Baghdad. In Persia and Afghanistan he gained converts and even established dioceses (Mandjis), notably at Bushahr and Kabul (Sewaram Singh, Life of Guru Nanak, p. 73). It is not stated, however, whether he knew enough Persian or Arabic to be able to preach to the people of these Islamic countries. The statement of the Siyar al Mutaakhirin that Nanak studied Persian and Muslim theology with one Saiyid Hasan have been rejected by the modern Hindu and Sikh critics. "This',, says one of them, "seems to be an effort on the part of a Muslim writer to give the credit of Nanak's subsequent greatness to the teachings of Islam" (G. C Narang, the Transformation of Sikhism, p. 9). Macauliffe, however, is inclined to accept that Nanak was a fair Persian Scholar" (The Sikh Religion, i. 15). but does not mention the source whence he received his instruction in that language.

For the last ten years of his life Nanak settled at Kartarpur, a village founded in his honour by a millionaire on the bank of the Ravi, where he continued to preach his new religion to the numerous visitors whom his piety attracted from far and wide. He died at the age of 70 in 1539, leaving behind him a fairly large number of disciples (Sikhs) and two sons, one of whom named Sri Chand founded the Udasi sect.

(Continued)

# ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਦੇਵਤਰੂ

## ੩ ਸਕੰਧ, ੨੫ ਅਧਿਆਯ

(ਪਿਛੇ ਤੋਂ ਅਗੇ)

ਪ੍ਰਥਮ ਤੋ ਅਠਾਰਾਂ ਸੈ ਨਬੇ ਮੇ ਬੜਾ ਭਾਰੀ ਅੰਨ ਕਾਲ ਪਰ ਗਯਾ ਦੂਸਰੇ ਬੜੇ ੨ ਭੂ ਕੰਪ ਹੋਵੇ ਔਰ ਬੜੇ ਉਪਦ੍ਰਵ ਹੋਵਹਿ ਆਕਾਸ਼ ਮੇ ਸੇ ਉਲਕਾ ਪਾਤ ਹੋਵੈਂ ਰਾਤ੍ਰੀ ਕੋ ਕੁਤੇ ਰੋਵੇਂ ਕਾਕ ਬੋਲਹ ਦਿਨ ਕੋ ਸਯਾਰ ਬੋਲੈਂ ਇਤਯਾਦੀ ਅਨੰਤ ਹੀ ਅਪਸਗੁਨ ਦੇਖਣੇ ਮੈ ਆਵੈ। ਭਾਈ ਕਿਉਂ ਨ ਐਸੇ ੨ ਉਪਦ੍ਰਵ ਹੋਵੈ ॥ ਜੋਸਤਯ ਧਰਮ ਕਾ ਸੂਰਯ ਅਸਤ ਹੂਆ ਚਾਹਤਾ ਹੈ। ਇਸੀ ਰੀਤੀ ਸੇ ਕੁਛਕ ਸਮਾ ਵਿਤੀਤ ਹੋਣੇ ਪਰ ਸ੍ਰੀ ਬੀਰ ਸਿੰਘ ਜੀ ਭੀ ਗੁਰੂ ਸਾਹਿਬ ਸਿੰਘ ਜੀ ਕੇ ਦਰਸਨ ਅਰਥ ਊਨੇ ਸਾਹਿਬ ਮੇ ਆਏ। ਹਜ਼ੂਰ ਕਾ ਦਰਸਨ ਕੀਆ ਤਬ ਭਰੇ ਦੀਵਾਨ ਮੇ ਵਚਨ ਕੀਆ ਕੇ ਲੇਵੋ ਭਾਈ ਵੀਰ ਸਿੰਘਾ ਯੇ ਅਪਨੀਆਂ ਲੋਹਾਂ ਦੇਗਾਂ ਸੰਭਾਲ ਲੇ ਹਮਾਰੇ ਸੇ ਸਾਹਿਬ ਕੇ ਤੇਜਸ੍ਵੀ ਸੁਭਾਵ ਸੇ ਡਰ ਕੇ ਮਾਰੇ ਸਭਾ ਮੇ ਕੋਈ ਭੀ ਊਚੀ ਨੀਵੀ ਬਾਤ ਬੋਲ ਨ ਸਾਕੇ ਤਦਨੰਤਰ ਕੋਈ ਦਿਨ ਊਨੇ ਸਾਹਿਬ ਮੇ ਰਹ ਕੇ ਹਜੂਰ ਸੇ ਬਿਦਾ ਹੋ ਕੈ ਡੇਰੇ ਮੇ ਆਏ। ਤਬ ਉਸ ਸਮੇ ਅਬੀ ਡੇਰੇ ਕਾ ਬਿਸਤਾਰ ਬਹੁਤ ਨਹੀਂ ਹੂਆ ਥਾ ਅੰਨ ਆਏ ਗਏ ਕਾ ਬਹੁਤ ਖਰਚ ਹੋਣੇ ਲਾਗਾ। ਜੋ ਕੁਛ ਅੰਨ ਆਟਾ ਗੁੜ ਸੱਕਰ ਖੰਡ ਘੀ ਮਿਰਚ ਮਸਾਲਾ ਵਗੈਰਾ ਤਰਨ ਤਾਰਨ ਜੀ ਸੇ ਮੰਗਾਵਤੇ ਥੇ ॥ ਤਬ ਏਕ ਗੁਲਾਬਾ ਨਾਮ ਕਰਕੇ ਪ੍ਰਸਿੱਧ ਸ਼ਾਹੂਕਾਰ ਰਾਇ ਸਯਾਣੇ ਗ੍ਰਾਮ ਕਾ ਥਾ ਨੌਰੰਗਾਵਾਦ ਕਹਲਾ ਕੰਗ ਰਾਇ ਸਯਾਣਾ ਢੋਟੀਆਂ ਯੇ ਦੋ ਚਾਰ ਪਿੰਡ ਤਿਸ ਗੁਲਾਬ ਸਾਹੂਕਾਰੀ ਪੇਸ਼ਾ ਕਰਜਾ ਲੇ ਕੇ ਵਰਤਤੇ ਥੇ ਤਿਸ ਗੁਲਾਬੇ ਸਾਹੂ ਕੇ ਘਰ ਮੇ ਲੜਕਾ ਕੋਈ ਨਹੀ ਥਾ ਤਿਸ ਨੇ ਅਪਨੇ ਸਾਲੇ ਕੋ ਹੀ ਅਪਨਾ ਕਾਰ ਮੁਖਤਾਰ ਬਨਾਇ ਛੋਡਯਾ ਥਾ ॥ ਤਿਸ ਕੇ ਸਾਲੇ ਕਾ ਨਾਮ ਰਾਮ ਦਿਤਾ ਥਾ। ਤਿਸ ਗੁਲਾਬੇ ਸਾਹੂਕਾਰ ਕਾ ਖਾਤਾ ਛੋਲਯਾਂ ਕਾ ਭਰਾ ਹੂਆ ਦੋ ਤੀਨ ਬਰਸ ਕਾ ਪੜਾ ਹੂਆ ਥਾ ॥ ਤਿਸ ਗੁਲਾਬੇ ਸ਼ਾਹ ਨੇ ਅਥਵਾ ਤਿਸ ਕੇ ਸਾਲੇ ਨੇ ਗੁਰੂ ਬੀਰ ਸਿੰਘ ਜੀ ਕੇ . ਆਗੇ ਅਰਜ ਕਰੀ। ਕੇ ਮਹਾਰਾਜ ਜੀ ਆਪ ਤਰਨ ਤਾਰਨ ਜੀ ਸੇ ਜੋ ਚਣੇ ਵਗੈਰਾ ਕੀ ਭਰਤੀ ਮੰਗਾਤੇ ਹੋ ਆਪ ਮੇਰੇ ਸੇ ਛੋਲੇ ਲੇ ਲੇਵਹੁ। ਤਿਸ ਕੀ ਅਰਜ ਕੋ ਗੁਰੂ ਜੀ ਨੇ ਅੰਗੀਕਾਰ ਕੀਆ ਬਚਨ ਹੂਆ ਕੇ ਖਾਤੇ ਕੇ ਛੋਲਯਾਂ ਕੀ ਕਿਤਨੇ ਰੁਪਏ ਕੀ ਖਰੀਦ ਹੋਈ। ਤਬ ਗੁਲਾਬੇ ਸਾਹ ਨੇ ਕਹਯਾ ਜੀ ਪਾਂਚ ਸੈ ਰੁਪੈ ਕੀ ਖਰੀਦ ਮੇਰੀ ਹੈ। ਤਬ ਬਚਨ ਹੂਆ ਕੇ ਭਾਈ ਹਮਾਰੇ ਪਾਸ ਰੁਪਯਾ ਤਯਾਰ ਨਹੀਂ ਹੈ ਜਬ ਰੁਪਯਾ ਆ ਜਾਵੇਗਾ ਹਮ ਤਬ ਲੇ ਲੇਵੇਂਗੇ। ਪੁਨਾ ਸਾਹ ਨੇ ਕਹਯਾ ਜੀ ਜਬ ਆਪ ਕੇ ਪਾਸ ਰੁਪਯਾ ਆ ਜਾਵੇਗੋ ਤਬੀ ਆਪਨੇ ਦੇਣਾ ਕੁਛ ਜਲਤੀ ਨਹੀਂ ਹੈ। ਪੁਨਾ ਬਚਨ ਹੂਆ ਕੇ ਨਹ ਭਾਈ ਗੁਲਾਬਯਾ ਹਮ ਸਾਧੂ ਲੋਕ ਹੈਂ ਹਮਾਰੇ ਪਾਸ ਇਤਨਾ ਰੁਪਯਾ ਕਬ ਆਵੇ ਕਬ ਨ ਆਵੇ ਤਮ ਕਰਜਦਾਰ ਲੋਕੋਂ ਨੇ ਆਇ ਕੇ ਧਰਨਾ ਮਾਰ ਕੇ ਬੈਠ ਜਾਣਾ ਹੂਆ ॥ ਇਸ ਸੇ ਹਮ ਕਰਜਾ ਨਹੀਂ ਲੇਤੇ ਜਬ ਰੁਪੈ ਆਵੈਗੇ

ਤਬੀ ਏਕਠੇ ਖਰੀਦ ਲੇਵੈਗੇ। ਪੁਨਾ ਗੁਲਾਬਾ ਬੋਲਯਾ ਕੇ ਨਹੀਂ ਮਹਾਰਾਜ ਜੀ ਰੁਪਯਾਂ ਕੀ ਜਲਤੀ ਨਹੀਂ ਹੈ ਕੁਛ ਫਿਕਰ ਨਹੀਂ ਹੈ ਜਬ ਆਪ ਕੇ ਪਾਸ ਰੁਪੈ ਆਵੈਗੇ ਤਬੀ ਆਪ ਨੇ ਰੁਪੈ ਦੇਣੇ ਇਸ ਪ੍ਰਕਾਰ ਸੇ ਬਹੁਤ ਵਾਰ ਮਹਾਰਾਜ ਜੀ ਕੋ ਕਹ ਕਰਕੇ ਛੋਲੇ ਦੇਣੇ ਕਰ ਗਯਾ ਅਛਾ ਸੰਤ ਉਨਕੇ ਛੋਲੇ ਲਯਾਇਕੇ ਵਰਤਣ ਲਗ ਗਏ। ਜਬ ਦਸ ਬੀਸ ਦਿਨ ਛੋਲੇ ਵਰਤਤਯਾਂ ਕੋ ਹੂਏ ਤਬ ਗੁਲਾਬੇ ਕੋ ਕਿਸੇ ਨੇ ਬਰਗ ਲਾਇਆ ਕੇ ਤੂੰ ਜੋ ਪਾਂਚ ਸੈ ਰੁਪੈ ਕੇ ਚਣੇ ਇਕਠੇ ਦੇ ਦੀਏ ਹੈਂ ਯ ਤੋ ਸਾਧੂ ਫਕੀਰ ਹੈਂ ਤੇਰੇ ਚਣੇ ਖਾ ਕੇ ਤੂੰਬੀ ਪਕੜ ਕੇ ਚਲੇ ਜਾਇਗੇ ॥ ਤਬ ਕਿਆ ਕਰੈਗਾ ਇਨ ਕੋ ਕਹਾਂ ਖੋਜੇਂਗਾ ਇਨਕਾ ਕਿਆ ਪਕੜ ਲੇਵੇਂਗ ਤੂੰ ਏਹ ਕਹੋ ॥

ਉਸ ਮਾਨੁਖ ਕੀ ਬਾਤ ਸੁਣ ਕੇ ਵਹੁ ਗੁਲਾਬੇ ਸਾਹੂ ਕਾ ਮਨ ਫਿਰ ਗਆ ॥ ਮਹਾਰਾਜ ਜੀ ਪਾਸ ਆਇ ਕੇ ਬੋਲਿਆ ਕੇ ਸੰਤ ਜੀ ਤੁਸੀ ਸਾਨੂੰ ਛੋਲਆਂ ਕੇ ਰੁਪੈ ਦੇ ਦੇਵਹੁ। ਦੇਵ ਨੇਤ ਸੇ ਛੋਲੇ ਪਿਆਰੇ ਭੀ ਹੋ ਗਏ ॥ ਤਬ ਗੁਰੂ ਜੀ ਨੇ ਬਚਨ ਕੀਆ ਕੇ ਭਾਈ ਤੇਰਾ ਹਮਾਰਾ ਕਰਾਰ ਹੈ ਕੇ ਜਬ ਰੁਪੈ ਆਪ ਕੇ ਪਾਸ ਆਵੈਗੇ ਤਬ ਆਪ ਨੇ ਰੁਪੈ ਦੇਣੇ ਅਬ ਕਹਤਾ ਹੈ ਕੇ ਅਬੀ ਦੇ ਦੇਵਹੁ ਮੇਰੇ ਰੁਪੈ। ਅਬ ਤੇਰੇ ਕੋ ਕਿਆ ਹੂਆ ਹੈ?। ਅਬ ਤੂੰ ਧੀਰਜ ਕਰ ਜਬ ਰੁਪੈ ਆਇ ਜਾਤੇ ਹੈ ਪ੍ਰਥਮ ਤੇਰੇ ਕੋ ਦੇ ਕੇ ਪੁਨਾ ਪੀਛੇ ਕਿਸੀ ਔਰ ਕੋ ਦੇਵੈਂਗੇ ॥ ਪੁਨਾ ਗੁਲਾਬੇ ਨੇ ਕਹਆ ਕੇ ਨਹੀ ਜੀ ਹਮਾਰੇ ਕੋ ਰੁਪਿਆਂ ਕੀ ਬਹੁਤ ਜਰੂਰਤ ਹੈ ਜਾਂਤੋ ਰੁਪੈ ਦੇ ਦੇਵਹੁ ਨਹੀ ਤੋ ਜਿਤਨੇ ਚਣੇ ਆਪਨਿ ਵਰਤੇ ਸੋ ਵਰਤੇ ਅਬ ਬਾਕੀ ਕੇ ਚਣ ਹਮ ਕੋ ਫੇਰ ਦੇਵਹੁ ॥ ਇਸ ਪ੍ਰਕਾਰ ਸੇ ਦੋ ਚਾਰ ਵਾਰ ਪ੍ਰਸਨ ਹੂਆ ਤਬ ਗੁਲਾਬੇ ਨੇ ਕਹਿਆ ਬਡੇ ਤੇਜ ਸੇਂ ਕੇ ਨਹੀ ਹਮਨੇ ਤੋ ਅਬੀ ਰੁਪੈ ਲੈ ਕੇ ਹੀ ਹਿਲਣਾ ਹੈ ॥ ਗੁਲਾਬੇ ਸਾਹ ਕੀ ਇਸ ਪ੍ਰਕਾਰ ਕੀ ਅਧਰਮਤਾ ਅਸਤ ਵਾਕਿਅਤਾ ਦੇਖ ਕੇ ਵਜੀਰ ਸਿੰਘ ਤੋਸੇ ਖਾਨ ਕੇ ਪ੍ਰਤੀ ਗੁਰੂ ਬੀਰ ਸਿੰਘ ਜੀ ਨੇ ਵਚਨ ਕੀਆ ਕੇ ਲਿਆ ਤੋ ਭਾਈ ਵਜੀਰ ਸਿੰਘਾ ਹਮਾਰਾ ਖੜੀਆ ਲੈ ਆਓ ॥ ਤਬ ਵਜੀਰ ਸਿੰਘ ਕੋ ਮਲੂਮ ਥਾ ਕਿ ਖੜੀਏ ਮੈ ਕੁਲ ਦੋ ਰੁਪੈ ਰਖੇ ਹੂਏ ਹੈ ਔਰ ਕੁਛ ਨਹੀ ਹੈ ਤਬ ਭਾਈ ਵਜੀਰ ਸਿੰਘ ਕੁਛਕ ਝਿਸੀ ਖਾ ਗਿਆ ਖੜੀਏ ਲਿਆਵਨੇ ਸੇ ਤਬ ਬਚਨ ਹੂਆ ਅਰੇ ਜਲਦੀ ਹਮਾਰਾ ਖੜੀਆ ਕਿਉ ਨਹੀ ਲਿਆਵਤਾ ਹੈ ॥ ਜਬ ਕੁਛ ਕ ਤੇਜਹੋ ਕੇ ਹਜੂਰ ਨੇ ਐਸੇ ਬਚਨ ਕੀਆ ਤਬ ਭਾਈ ਵਜੀਰ ਸਿੰਘ ਤੋਸੇ ਖਾਨਿਆਂ ਤੁਰਤ ਹੀ ਖੜੀਏ ਬਾਹਰ ਲੈ ਆਇਆ ਸਾਹਿਬ ਕੇ ਆਗੇ ਆਇ ਰਖਿਆ ॥ ਤੋ ਗੁਲਾਬੇ ਸਾਹੁ ਕੇ ਪ੍ਰਤੀ ਬਚਨ ਹੂਆ ਕੇ ਲੈ ਭਾਈ ਗੁਲਾਬਿਆ ਲੈ ਗਿਣ ਲੈ ਅਪਨੇ ਰੁਪੈ ਜਿਤਨ ਤੇਨੇ ਲੈਣੇ ਹੈ ॥ ਐਸੇ ਵਚਨ ਕਹਕੇ ਗੁਰੂ ਜੀ ਅਪਨੇ ਹਾਥ ਸੇ ਖੜਾਏ ਮੇ ਸੇ ਮੁਠੀਆਂ ਭਰ ਭਰਕੇ ਨਿਕਾਸਤੇ ਜਾਵੈ ਅਰ ਵਹੁ ਸਾਹੁਗਿਣਤਾ ਜਾਵੈ ਜਬ ਉਸ ਕਾ ਰੁਪਿਆ ਪੂਰਾ ਹੋ ਗਿਆ ਪਾਂਚ ਸੈ ਅਥਵਾ ਤੀਨ ਸੇ ਤਬ ਤਿਸ ਨੇ ਕਹਿਆ ਜੀ ਬਸ ਅਬ ਮੇਰਾ ਰੁਪਿਆ ਆਇ ਗਿਆ ਹੈ ॥ ਤਦਨੰਤਰ ਬਚਨ ਹੂਆ ਕੇ ਜੀ ਬਸ ਮੇਰਾ ਰੁਪਿਆ ਸਭ ਕਾ ਸਭ ਆਇ ਗਿਆ ਹੈ ॥ ਤਦ ਨੰਤਰ ਭਾਈ ਵਜੀਰ ਸਿੰਘ ਕੋ ਬਚਨ ਹੂਆ ਕੇ ਲੈ ਭਾਈ ਸਿਖਾ ਖੜੀਆ ਭੀਤਰ ਧਰਦੇ ॥ ਤਬ ਵਜੀਰ ਸਿੰਘ ਨੇ ਦੇਖਿਆ ਤੋ ਵਹੀ ਦੋ ਰੁਪੈ ਖੜੀਏ ਮੇ ਰਖੇ ਹੈ ॥ ਅਸਚਰਜ ਕੋ ਪ੍ਰਾਪਤ ਹੋ ਕੇ ਤੋਸੇ ਖਾਨੇ ਨੇ ਖੜੀਏ ਸੰਤਹੁ ਕਾ ਭੀਤਰ ਕਿਲੀ ਸਾਥ ਲਟਕਾਇ ਦੀਆ ॥

(ਚਲਦਾ)

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਸਪੁਤਰ
# ਬਾਬਾ ਸ੍ਰੀ ਚੰਦ ਜੀ ਉਦਾਸੀ ਦਾ
## ਜੀਵਨ ਬਿਰਤਾਂਤ

( ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ )

(ਪਿਛੇ ਤੋਂ ਅੱਗੇ)

## ਸੁਖ ਦਿਆਲ ਸਿਪਾਹੀ ਨੂੰ ਉਪਦੇਸ਼

ਇਸ ਥਾਂ ਜੰਗਲ ਵਿਚ ਬਾਬਾ ਜੀ ਸਿਮਰਨ ਕਰਨ ਲਗ ਜਾਂਦੇ ਸਨ। ਸਮਾਧੀ ਵਿਚ ਲੀਨ ਹੋ ਬੈਠਦੇ ਤਾਂ ਕਮਲੀਆ ਜੀ ਵੀ ਕਨਾਰੇ ਬੈਠ ਕੇ ਨਾਮ ਜਪਦੇ ਰਹਿੰਦੇ। ਭੁਖ ਤਿਹ ਲਗਨ ਤੇ ਕਿਸੇ ਨੇੜੇ ਦੇ ਪਿੰਡ ਵਿਚੋਂ ਰੋਟੀ ਖਾ ਆਇਆ ਕਰਦੇ, ਫੇਰ ਬੈਠੇ ਰਹਿੰਦੇ।

ਇਕ ਦਿਨ ਆਪ ਸਮਾਧੀ ਵਿਚ ਲੀਨ ਬੈਠੇ ਸਨ। ਦੂਰ ਜਾਂਦੇ ਇਕ ਸ਼ਸਤਰਧਾਰੀ ਸਿਪਾਹੀ ਨੇ ਇਨ੍ਹਾਂ ਨੂੰ ਵੇਖਿਆ-ਇਕ ਛੋਟਾ ਬਾਲਕ ਤੇ ਦੂਜਾ ਉਸਤੋਂ ਵਡੇਰੀ ਉਮਰ ਦਾ ਜੰਗਲ ਵਿਚ ਕਿਉਂ ਬੈਠੇ ਹਨ ? ਇਹ ਪਤਾ ਕਰਨ ਨੂੰ ਸੁਖ ਦਿਆਲ ਨੇੜੇ ਆਇਆ—ਤੇ ਇਥੇ ਬੈਠਨ ਦਾ ਕਾਰਨ ਪੁਛਿਆ ?

ਕਮਲੀਆ ਜੀਨੇ ਦਸਿਆ-ਕਿ ਇਹ ਗੁਰੂ ਨਾਨਕ ਜੀ ਦੇ ਪੁਤਰ ਹਨ। ਇਨ੍ਹਾਂ ਨੂੰ ਭਜਨ ਕਰਨ ਦਾ ਸ਼ੌਕ ਹੈ। ਕਦੀ ੨ ਇਥੇ ਆ ਜਾਇਆ ਕਰਦੇ ਹਨ। ਮੈਂ ਸੇਵਕ ਹਾਂ। ਨਾਲ ਰਹਿੰਦਾ ਹਾਂ। ਇਨ੍ਹਾਂ ਦੀਆਂ ਗਲਾਂ ਬਾਤਾਂ ਸੁਣਕੇ ਬਾਬਾ ਜੀ ਦੀ ਅਖ ਵੀ ਖੁਲ੍ਹ ਗਈ ਤਾਂ ਸਿਪਾਹੀ ਵਲ ਵੇਖਿਆ

ਸਿਪਾਹੀ ਚੰਚਲ ਸੁਭਾਓ ਦਾ ਸੀ। ਪੁਛਨਾ ਕਰਨ ਲਗਾ-ਆਪ ਨਿਕੀ ਉਮਰੇ ਸਾਧੂ ਕਿਉਂ ਹੋ ਬੈਠੇ ਫੇਰ ਕੁਝ ਪਲੇ ਵੀ ਪਿਆ ਕਿ ਨਹੀਂ ? ਸਾਧੂ ਸੰਤ ਤਾਂ ਬਹੁਤ ਕੁਝ ਲੋਕਾਂ ਨੂੰ ਦਸਦੇ ਹੁੰਦੇ ਹਨ। ਆਪ ਵੀ ਦਸੋ ਖਾਂ ਸੂਰਮਾ ਕੀਹਨੂੰ ਆਖਦੇ ਹਨ ? ਬਾਬਾ ਜੀ ਹੌਲੀ ਜਿਹੇ ਮੁਸਕਰਾਏ, ਤੇ ਆਖਿਆ- "ਜਿਸਨੇ ਕ੍ਰੋਧ ਨੂੰ ਜਿਤ ਲਿਆ ਹੋਵੇ। ਵਿਸ਼ੇ ਭੋਗਾਂ ਵੱਲ ਨਸਦੇ, ਅਤੇ ਬੁਰਾਈ ਸੋਚਦੇ ਮਨ ਉਤੇ ਕਾਬੂ ਪਾ ਰਖਿਆ ਹੋਵੇ। ਸਚ ਬੋਲਨ ਥੀਂ ਸੰਗਦਾ ਨਾ ਹੋਵੇ। ਨੇਕੀ ਦੇ ਰਸਤੇ ਟੁਰਦੇ ਹੋਇਆਂ-ਨ ਥਕੇ, ਨ ਭਟਕੇ। ਸਾਧੂ ਲੋਕਾਂ ਦੀ ਨਜ਼ਰ ਵਿਚ ਅਜਿਹਾ ਬੰਦਾ ਸੂਰਮਾਂ ਹੁੰਦਾ ਹੈ। ਪਰ ਦੁਨੀਆਦਾਰਾਂ ਦੀ ਨਜਰ ਵਿਚ ਤੇਰੇ ਜਿਹਾ, ਜਿਸਨੂੰ ਛਵੀਆਂ ਤੇ ਡਾਂਗਾਂ-ਚੋਰਾਂ ਯਾਰਾਂ ਦੀ ਸੋਧ ਲਈ ਸਰਕਾਰ ਨੇ ਦਿਤੀਆਂ ਹੋਵਨ। ਪਰ ਦਬ ਦਬਾ ਤੇ ਰੋਹਬ ਗ੍ਰੀਬਾਂ ਭਲੇ ਮਾਨਸਾਂ ਉਤੇ ਪਾਕੇ ਉਨ੍ਹਾਂ ਨੂੰ ਧਮਕਾਂਦਾ ਡਰਾਂਦਾ ਤੇ ਖਾਂਦਾ ਫਿਰ।

ਸ੍ਰੀ ਬਾਬਾ ਜੀ ਦੇ ਇਸ ਛੋਟੀ ਉਮਰ ਦੇ ਵਿਚ ਸਚਾਈ ਭਰੇ ਬਚਨ ਸੁਣ ਕੇ ਸਿਪਾਹੀ ਸ਼ਰਮਸਾਰ ਹੋਇਆ। ਇਸਨੇ ਅੱਖਾਂ ਨੀਵੀਆਂ ਕਰ ਲਿਤੀਆਂ-ਤੇ ਇਨ੍ਹਾਂ ਨੂੰ ਕਰਨੀ ਕਮਾਈ ਵਾਲਾ ਸਚਾਈ ਦਾ ਪੁਤਲਾ ਜਾਣਿਆ। ਸਿਪਾਹੀ ਨੇ ਸਿਰ ਨਿਵਾ ਕੇ ਆਖਿਆ—ਮਹਾਤਮਾਂ ਜੀ ! ਸਚ ਆਖਦੇ ਹੋ ਪਰ

ਕਿਰਪਾ ਕਰਕੇ ਸਾਨੂੰ ਸਚ ਦੇ ਰਾਹੇ ਚਲਣ ਦਾ ਵਲ ਦਸੋ । ਬਾਬਾ ਜੀ ਨੇ ਪਹਿਲੇ ਇਹਦਾ ਨਾਮ ਪੁਛਿਆ, ਇਸਨੇ "ਸੁਖ ਦਿਆਲ"—ਦਸਿਆ ਤਦ ਬਾਬਾ ਜੀ ਨੇ ਫੁਰਮਾਇਆ-ਨਾਮ ਤਾਂ ਸੋਹਣਾ ਹੈ। ਜੇ ਕਰ ਪਾਪੀਆਂ ਦੋਸ਼ੀਆਂ ਨੂੰ ਦੰਡ ਦਿਵਾ ਕੇ ਪਰਜਾ ਲਈ ਸੁਖ ਦਾਇਕ ਹੋਵੇ ! ਤੁਸਾਡੇ ਲਈ ਇਹੋ ਸਚ ਦਾ ਰਾਹ ਹੈ, ਇਸੇ ਤੇ ਚਲਦਿਆਂ ਹੀ ਤੁਸਾਡਾ ਭਲਾ ਹੈ । ਐਸਾ ਸੁਣ ਕੇ ਉਹ ਨਿਹਾਲ ਹੋਇਆ, ਤੇ ਅਪਣੇ ਫ਼ਰਜ਼ ਨੂੰ ਪੂਰਾ ੨ ਪਾਲਦਾ ਰਿਹਾ । ਸ੍ਰੀ ਬਾਬਾ ਜੀ ਇਹਦੇ ਜਾਣ ਪਿਛੋਂ ਆਪ ਵੀ ਪੱਖੋ ਕੇ ਆ ਗਏ, ਤੇ ਸਾਰਿਆਂ ਨੂੰ ਦਰਸ਼ਨ ਦੇਕੇ ਨਿਹਾਲ ਕੀਤਾ ।

# ਨਾਨਾ ਮੂਲ ਚੰਦ ਦਾ ਗੁੱਸਾ

ਬਾਬਾ ਸ੍ਰੀ ਚੰਦ ਜੀ-ਹੁਣ ਵੀ ਕਈ ਦਿਨਾਂ ਮਗਰੋਂ ਘਰ ਆਏ ਸਨ । ਹੋਰ ਸਾਰੇ ਇਨ੍ਹਾਂ ਨੂੰ ਵੇਖ ਕੇ ਖੁਸ਼ ਹੋਏ । ਪਰ ਨਾਨਾ "ਮੂਲ ਚੰਦ" ਕੁਝ ਗੁਸੇ ਹੋਣ ਲੱਗਾ । ਉਸ ਨੇ ਆਖਿਆ-ਜਿਹਾ ਪਿਉ ਤਿਹਾ ਹੀ ਪੁੱਤ ਹੈ । ਇਹਨੇ ਵੀ ਉਹੀ ਕਮ ਫੜ ਲਿਆ ਹੈ । ਭਲਾ ਘਰ ਛੱਡ ਕੇ ਬਾਹਿਰ ਜਾ ਬੈਠਣ ਵਿਚ ਕੀ ਪਿਆ ਹੈ ? ਉਹ ਤਾਂ ਹਰ ਥਾਂ ਵਿਚ ਰਮਿਆ ਰਾਮ ਹੈ । ਜੇਹੜੀ ਕੋਠੀ ਤੈਨੂੰ ਵਖਰੀ ਦਿਤੀ ਹੈ, ਕੀ ਓਸ ਵਿਚ ਥੋੜੀ ਥਾਂ ਹੈ ? ਜੇ ਕਰ ਰੱਬ ਰੁਖਾਂ ਹੇਠ ਬੈਠਿਆਂ ਨੂੰ ਵੇਖ ਸਕਦਾ ਹੈ ਤਾਂ ਉਹ ਘਰ ਦੀਆਂ ਕੰਧਾਂ ਅੰਦਰ ਬੈਠ ਨੂੰ ਵੀ ਦੇਖ ਲਏਗਾ । ਪਿਉ ਵਾਂਗੂੰ ਫ਼ਕੀਰੀ ਵਾਲੇ ਪਾਸੇ ਹੁਣੇ ਟੁਰਨਾ ਚੰਗਾ ਨਹੀਂ ਹੈ, ਸਿਆਣਾ ਤੇ ਸੁਘੜ ਹੋਣ ਦੀ ਗਲ ਕਰ, ਜੋ ਕਿਸੇ ਭਲੇ ਘਰ ਜਾ ਕੇ ਤੇਰੇ ਨਾਤੇ ਦੀ ਗੱਲ ਟੋਰੀਏ, ਕੋਈ ਵੇਖਣ ਨੂੰ ਆਏ, ਤਾਂ ਕੀ ਆਖੀਏ ਕਿ ਮਲੰਗ ਨੂੰ ਜੰਗਲ ਵਿਚ ਜਾ ਕੇ ਵੇਖੋ ? ਇਉਂ ਠੀਕ ਨਹੀਂ ਹੈ, ਤੇ ਕਪੜ ਪਾ ਕੇ ਬੰਦਿਆਂ ਵਿਚ ਰਹਿਣਾ ਬੈਠਣਾ ਅਤੇ ਬੋਲਣਾ ਸਿਖਣ ਦੀ ਕਰਿਆ ਕਰ ।

ਇਉਂ ਨਾਨਾ ਮੂਲ ਚੰਦ ਕੁਝ ਹੋਰ ਵੀ ਆਖਦੇ ਪਰ ਮਾਤਾ ਸੁਲੱਖਣੀ ਜੀ ਨੇ ਟੋਕ ਲਿਆ, ਤੇ ਆਖਿਆ—"ਪਿਤਾ ਜੀ ! ਇਨ੍ਹਾਂ ਨਾਲ ਇਸ ਤਰ੍ਹਾਂ ਗਲਾਂ ਨ ਕਰੋ ਵਿਆਹ ਜੋਗਾ ਹੋਏਗਾ ਤਾਂ ਲਖਮੀ ਚੰਦ ਕਰੇਗਾ । ਇਨ੍ਹਾਂ ਨੂੰ ਤਾਂ ਬੇਬ ਨਾਨਕੀ ਦੀ ਗੋਦ ਪਾਂਦਿਆਂ ਹੀ ਆਖ ਗਏ ਸਨ, ਕਿ ਇਹ ਜਤੀ ਸਤੀ ਸਾਧੂ ਹੋਏਗਾ । ਇਹਦਾ ਪੰਥ ਚਲੇਗਾ । ਹੋਰ ਕਿਸੇ ਨੂੰ ਹੋਵੇ ਨਾ ਹੋਵੇ, ਮੈਨੂੰ ਅਪਣੇ ਸਾਂਈ ਦੇ ਆਖੇ ਤੇ ਪੂਰਾ ਵਿਸ਼ਵਾਸ ਹੈ । ਇਸੇ ਕਰਕੇ ਮੈਂ ਇਨ੍ਹਾਂ ਦੀ ਬਿਰਤੀ ਤੇ ਸੁਭਾਉ ਵਿਚ ਵਿਘਨ ਨਹੀਂ ਪਾਣਾ ਚਾਹੁੰਦੀ । ਇਹ ਜੋ ਕਰਦੇ ਹਨ, ਦੇਖਦੀ ਤੇ ਸਮਝਦੀ ਰਹਿੰਦੀ ਹਾਂ ।" ਇਉਂ ਸ੍ਰੀ ਮਾਤਾ ਜੀ ਨੇ ਆਪਣੇ ਪਿਤਾ ਜੀ ਨੂੰ ਸਮਝਾਇਆ ।

# ਬੇਬੇ ਨਾਨਕੀ ਜੀ ਤੇ ਜੈ ਰਾਮ ਜੀ ਆਏ

ਬਾਬਾ ਸ੍ਰੀ ਚੰਦ ਜੀ ਨੂੰ ਪਖੋ ਕੇ ਆਇਆਂ ਦੋ ਢਾਈ ਸਾਲ ਹੋ ਚੁਕੇ ਸਨ । ਜਿਵੇਂ ਪਹਿਲੇ ਨਾਨਕਿਆਂ ਵਲੋਂ ਬੰਦੇ ਭੇਜੇ ਗਏ ਤੇ ਬਬੇ ਜੀ ਨੇ ਇਨ੍ਹਾਂ ਨੂੰ ਨਹੀਂ ਟੋਰਿਆ ਸੀ, ਤਿਵੇਂ ਜੈ ਰਾਮ ਜੀ ਦੇ ਕਈ ਬੰਦੇ ਆਏ ਤੇ ਨਾਨੀ ਨਾਨੇ ਨੇ ਬਾਬੇ ਜੀ ਨੂੰ ਨਹੀਂ ਟੋਰਿਆ ਸੀ । ਸ੍ਰੀ ਬੇਬੇ ਜੀ ਬਹੁਤ ਉਦਾਸ ਹੋਏ ਤਾਂ ਦੋਵੇਂ ਦੰਪਤੀ ਇਨ੍ਹਾਂ ਦੇ ਲੈਣ ਨੂੰ ਪਖੋ ਕੇ ਆਪ ਆਏ । ਸਾਰੇ ਪ੍ਰਵਾਰ ਨੇ ਇਨ੍ਹਾਂ ਆਇਆਂ ਦਾ ਯੋਗ ਸਤਿਕਾਰ ਤੇ ਪਿਆਰ ਕੀਤਾ । ਇਹ ਵੀ ਬਾਬਾ ਸ੍ਰੀ ਚਦ ਅਤੇ ਲਖਮੀ ਚੰਦ ਜੀ ਨੂੰ ਵੇਖ ਕੇ

ਖੁਸ਼ ਹੋਇ । ਅਤੇ ਮਾਤਾ ਜੀ ਨੇ ਵੀ ਬੇਬੇ ਨਾਨਕੀ ਜੀ ਨੂੰ ਨਿਮਸਕਾਰ ਕਰ ਕੇ ਅਸੀਸਾਂ ਪਾਈਆਂ ।

ਬਾਬਾ ਸ੍ਰੀ ਚੰਦ ਤੇ ਲਖਮੀ ਚੰਦ ਜੀ ਦੇ ਮੱਥਾ ਟੇਕਣ ਵੇਲੇ ਤਾਂ ਬੇਬੇ ਜੀ ਦਾ ਵੈਰਾਗ ਠਲ੍ਹਿਆ ਨਾ ਗਿਆ । ਦੋਹਾਂ ਨੂੰ ਘੁਟ ਕੇ ਛਾਤੀ ਨਾਲ ਲਾਇਆ । ਬਾਰ ਬਾਰ ਮੂੰਹ ਮੱਥਾ ਚੁੱਮਿਆ । ਬੇਬੇ ਨਾਨਕੀ ਜੀ ਨੂੰ ਵੀਰ ਦਾ ਵਿਛੋੜਾ ਹੀ ਅਸਹਿ ਸੀ, ਪਰ ਬੱਚੇ ਵੀ ਚਿਰ ਪਿਛੋਂ ਮਿਲੇ ਸਨ । ਆਖਿਆ—ਮੈਂ ਤੁਹਾਡੇ ਥੀਂ ਘੋਲੀ ਵਾਰੀ ਲਾਲ ਜੀਓ ! ਮੈਂ ਤੁਸਾਂ ਥੀਂ ਕੁਰਬਾਨ ! ਚਿਰਾਂ ਪਿਛੋਂ ਦੇਖਣਾ ਮਿਲਿਆ ! ਮੇਰੇ ਧੰਨ ਭਾਗ । ਅਜ ਮੇਰਾ ਦੁਖ ਅੱਧਾ ਹੋ ਗਿਆ ਹੈ । ਵੀਰ ਨਾਨਕ ਦੇ ਵਿਛੋੜੇ ਨੇ ਮੈਨੂੰ ਅਤੇ ਤੁਹਾਡ ਦਾਦੀ ਦਾਦੇ ਨੂੰ ਘਾਇਲ ਕਰ ਰਖਿਆ ਹੈ । ਉਹ ਦੂਜਿਆਂ ਦੇ ਬਚਿਆਂ ਨੂੰ ਅੱਖੀਂ ਅਗੇ ਫਿਰਦੇ ਜਾਂ ਸੰਝ ਨੂੰ ਘਰ ਆਉਂਦੇ ਵੇਖ ਕੇ ਇਉਂ ਝੂਰਦੇ ਹਨ, ਜਿਵੇਂ ਪੈਲ ਪਾਂਦਾ ਮੋਰ ਆਪਣੇ ਪੈਰਾਂ ਵੱਲ ਵੇਖ ਕੇ ਬਸੂਰਦਾ ਹੈ । ਪਤਾ ਨਹੀਂ ਵੀਰ ਜੀ ਕੱਦ ਆਉਣਗੇ ਤੇ ਸਾਰਿਆਂ ਨੂੰ ਠੰਢ ਪਾਉਣਗੇ ? ਇਉਂ ਬੇਬੇ ਨਾਨਕੀ ਜੀ ਇਨ੍ਹਾਂ ਦੀਆਂ ਕੰਡਾਂ ਤੇ ਹੱਥ ਫੇਰਦੇ ਤੇ ਆਖਦੇ ਜਾ, ਰਹੇ ਸਨ ।

ਬੇਬੇ ਨਾਨਕੀ ਜੀ ਨੂੰ ਵੈਰਾਗ ਵਿਚ ਬਿਹਬਲ ਹੋਇਆ ਵੇਖ ਕੇ ਬਾਬਾ ਸ੍ਰੀ ਚੰਦ ਜੀ ਬੋਲ ਉਠੇ । ਆਖਿਆ, ਭੂਆ ਜੀ ! ਤੁਸੀਂ ਤਾਂ ਬੜੇ ਵਿਚਾਰਵਾਨ ਹੋ ! ਅੱਜ ਕਿਹੜੇ ਵਹਿਣ ਵਿਚ ਵਹਿ ਰਹੇ ਹੋ । ਤੁਹਾਡ ਨਿਰੰਕਾਰੀ ਵੀਰ ਤਾਂ ਸੁੱਧੇ ਬ੍ਰਹਮ ਸਰੂਪ ਹਨ, ਉਹ ਸਰਬ ਵਿਆਪੀ ਹਨ ! ਉਹ ਤਾਂ ਆਪਣੇ ਪਿਆਰਿਆਂ ਦੀਆਂ ਖਾਹਸ਼ਾਂ ਪੂਰੀਆਂ ਕਰਨ ਨੂੰ ਤੇ ਭੁਲਿਆਂ ਭਟਕਿਆਂ ਨੂੰ ਰਬ ਦੇ ਰਾਹੇ ਪਾਣ ਨੂੰ ਗਏ ਹਨ । ਉਹ ਸ੍ਰੀਰ ਦੇ ਅਕਾਰ ਕਰਕੇ ਕਿਤੇ ਦੂਰ ਵੀ ਹੋਵਨ, ਪਰ ਨਿਰੰਕਾਰੀ ਰੂਪ ਵਿਚ ਸਾਡੇ ਸਾਰਿਆਂ ਦੇ ਨਾਲ ਹਨ ! ਮੈਨੂੰ ਤਾਂ ਨਾਲ ਹੀ ਦਿਸਦੇ ਹਨ । ਕੀ ਤੁਸੀਂ ਉਨ੍ਹਾਂ ਨੂੰ ਵਖਰੇ ਤੇ ਦੂਰ ਜਾਣਦੇ ਹੋ ? ਉਹ ਤਾਂ ਦਿਲਾਂ ਦੇ ਮਾਲਕ ਹਨ । ਅਸੀਂ ਸੁਣਿਆ ਹੈ ਕਿ ਤੁਸੀਂ ਤਾਂ ਸਾਰਿਆਂ ਥੀਂ ਪਹਿਲ ਉਨ੍ਹਾਂ ਨੂੰ ਰੱਬ ਰੂਪ ਪਛਾਤਾ ਸੀ, ਫੇਰ ਐਸਾ ਵਿਯੋਗ ਕਿਉਂ ਮੰਨਦੇ ਹੋ ।

ਤਬ-ਸ੍ਰੀ ਸਸ ਮੁਖ ਗਿਰਾ ਬਖਾਨੀ, ਸੁਣੋ ਭੂਆ ਜੀ ਹਮਰੀ ਬਾਨੀ । ਸੁੱਧ ਬ੍ਰਹਮ ਵਪ ਨਾਨਕ ਜੋਊ-ਨਿਰੰਕਾਰ ਵਿਆਪਕ ਹੈ ਸੋਊ ।

ਭਗਤ ਹੇਤ ਸੋ ਧਰੇ ਅਕਾਰੇ । ਸੋ ਰੂਪ ਰਵਿਆ ਹੈ ਸਾਰੇ ।

ਸ੍ਰੀ ਬਾਬਾ ਜੀ ਨੇ ਇਹ ਵੀ ਆਖਿਆ—ਚਿੰਤਾ ਤੇ ਸੋਚਾਂ ਸੋਚਨੀਆਂ ਛੱਡ ਦੇਵੋ, ਸਾਨੂੰ ਤੇ ਸਾਡੀ ਮਾਤਾ ਜੀ ਨੂੰ ਆਪਣੇ ਦਾਸ ਜਾਣੋਂ । ਜੋ ਹੁਕਮ ਕਰੋ ਹਾਜ਼ਰ ਹਾਂ ।

ਬੇਬੇ ਨਾਨਕੀ ਜੀ ਇਨ੍ਹਾਂ ਦੀਆਂ ਮਿੱਠੀਆਂ ਪਿਆਰੀਆਂ ਤੇ ਵੀਚਾਰ ਭਰੀਆਂ ਗੱਲਾਂ ਸੁਣ ਕੇ ਖੁਸ਼ ਹੋਏ, ਹੈਰਾਨ ਵੀ ਹੋਏ, ਕਿ ਵੀਰ ਜੀ ਨੇ ਸਤ ਸਾਲਾਂ ਦੇ ਸ੍ਰੀ ਚੰਦ ਨੂੰ ਵਿਛੋੜਿਆ ਸੀ, ਇਹ ਉਥੇ ਵੀ ਮਸਤ ਤੇ ਚੁੱਪ ਹੀ ਰਹਿੰਦੇ । ਕਿਸੇ ਨਾਲ ਏਨਾ ਬੋਲਦੇ ਚਾਲਦੇ ਨਹੀਂ ਸਨ । ਹੁਣ ਭਾਵੇਂ ਚੰਗ ਸਿਆਣੇ ਲਗਦੇ ਹਨ, ਪਰ ਉਮਰ ਛੋਟੀ ਦੇ ਅਜੇ ਬਾਲਕ ਹੀ ਹਨ । ਦੋ ਤਿੰਨ ਸਾਲਾਂ ਦੇ ਅਰਸੇ ਵਿਚ ਇਨ੍ਹਾਂ ਵਿਚ ਇਤਨੀ ਸੋਝੀ, ਇੰਨੀ ਗੰਭੀਰਤਾ ਤੇ ਵਿਚਾਰ ਕਿਥੋਂ ਆ ਗਈ ? ਇਸਤਰ੍ਹਾਂ ਦਾ ਭਰੋਸਾ ਤਾਂ ਜਾਂਦੀ ਵੇਰੀ, ਵੀਰ ਜੀ ਦੇ ਗਏ ਸਨ, ਕਿ ਸਾਨੂੰ ਅਪਣੇ ਨਾਲ ਤੇ ਨੇੜੇ ਹੀ ਜਾਣੋਂ, ਜਦ ਯਾਦ ਕਰੋਗੇ ਆ ਜਾਵਾਂਗੇ । ਕੀ ਉਹੀ ਤਾਂ ਇਨ੍ਹਾਂ ਵਿਚੋਂ ਬੋਲ ਨਹੀਂ ਰਹੇ ? ਬੇਬੇ ਜੀ ਨੂੰ ਅਗੇ ਹੀ

ਪੂਰਾ ਨਿਸਚਾ ਸੀ, ਕਿ ਸ੍ਰੀ ਚੰਦ ਬਾਬਤ "ਸ੍ਰੀ ਨਾਨਕ" ਜੀ ਨੇ ਜਾਂਦੀ ਵੇਰ ਜੋ ਜੋ ਬਚਨ ਕੀਤੇ ਸਨ, ਸੱਤ ਹੋਣਗੇ। ਪਰ ਅੱਜ ਤਾਂ ਅੱਖੀਂ ਦੇਖਿਆ ਤੇ ਕੰਨਾਂ ਨਾਲ ਸੁਣ ਲਿਆ ਸੀ। ਇਉਂ ਸੋਚਦੀ ਬੇਬੇ ਜੀ ਨੇ ਧੀਰਜ ਕੀਤਾ, ਤੇ ਬਚਿਆਂ ਨੂੰ ਪਾਸ ਬਹਾਇਆ।

ਬਾਬਾ ਸ੍ਰੀ ਚੰਦ ਜੀ ਆਪਣੀ ਭੂਆ ਦਾ ਬ੍ਰਿਹੋ ਅਤੇ ਭਰਮ ਅੰਧੇਰਾ ਇਉ ਉਡਾ ਦਿਤਾ ਜਿਵੇਂ ਜੋਰ ਦੀ ਹਵਾ ਚਲਣ ਤੇ ਅੱਕ ਦੀਆਂ ਫੱਟੀਆਂ ਖਖੜੀਆਂ ਵਿਚੋਂ ਤੂੰਬਾ ੨ ਹੋ ਕੇ ਰੂੰ ਉਡ ਜਾਂਦਾ ਹੈ। ਬੇਬੇ ਜੀ ਵਿਗਾਸ ਵਿਚ ਆਏ। ਉਤੇ ਦੇ ਦੁਪੱਟੇ ਨਾਲ ਅੱਖਾਂ ਪੂੰਝੀਆਂ, ਤੇ ਮੁਸਕ੍ਰਾਂਦੇ ਹੋਏ ਫੇਰ ਬੋਲੇ, ਤੇ ਆਖਿਆ—ਮੇਰੇ ਵੀਰ ਦੇ ਬਚਿਓ! ਜੁਗ ੨ ਜੀਵੋ! ਜਵਾਨੀਆ ਮਾਣੋ! ਤੇ ਜੱਗ ਵਿਚ ਮਾਨ ਪਾਵੋ!" ਇਸ ਤਰ੍ਹਾਂ ਦੇ ਮੇਲ ਮਿਲਾਪ ਮਗਰੋਂ ਸਾਰਿਆਂ ਨੇ ਅੱਨ-ਜਲ ਛਕਿਆ ਤੇ ਅਰਾਮ ਕੀਤਾ।

ਰਾਤ ਵੇਲੇ ਫੇਰ ਰਲ ਬੈਠੇ। ਕਿਉਂਕਿ ਚਿਰਾਂ ਪਿਛੋਂ ਮਿਲੇ ਸਨ। ਦੁਖ ਸੁਖ ਦੀਆਂ ਕਰਨ ਲਗੇ। ਬੇਬੇ ਨਾਨਕੀ ਜੀ ਨੇ ਮਾਸੀ ਚੰਦੋ ਰਾਣੀ ਨੂੰ ਉਲਾਹਮੇ ਦਿਤੇ ਕਿ ਕਈ ਬੰਦੇ ਅਸੀਂ ਭੇਜੇ। ਤਿੰਨ ਸਾਲ ਹੋਣ ਤੇ ਆਏ ਹਨ। ਤੁਸੀਂ ਸੁਲੱਖਣੀ ਨੂੰ ਨਹੀਂ ਟੋਰਿਆ। ਜੇ ਇਹਨੂੰ ਨਹੀਂ ਸੀ ਟੋਰਨਾਂ ਤਾਂ ਦੋਹਾਂ ਬਚਿਆਂ ਨੂੰ ਭੇਜ ਦਿੰਦੇ? ਸ੍ਰੀ ਚੰਦ ਨੂੰ ਲਿਆਉਣ ਵੇਲੇ ਤੁਸੀਂ ਕਿਹਾ ਸੀ ਕਿ ਛੇਤੀ ਹੀ ਛਡ ਜਾਵਾਂਗੇ। ਪਰ ਉਹ ਵੀ ਤੁਹਾਨੂੰ ਯਾਦ ਨ ਰਹੀ। ਇਉਂ ਗਿਲੇ ਗੁਜ਼ਾਰੀ ਦੀਆਂ ਤੇ ਸ੍ਰੀ ਨਾਨਕੀ ਜੀ ਦੀਆਂ ਗੱਲਾਂ ਕਰਦੇ ੨ ਸੌਂ ਗਏ।

## ਬੇਬੇ ਨਾਨਕੀ ਤੇ ਮਾਸੀ ਚੰਦੋ ਰਾਣੀ ਦੀਆਂ ਗਲਾਂ

ਰਾਤ ਵੇਲੇ ਦੋਵੇਂ ਬੱਚੇ ਪਹਿਲੇ ਹੀ ਸੌਂ ਗਏ ਸਨ। ਸ੍ਰੀ ਚੰਦ ਜੀ ਨੇ ਰੋਜ਼ ਦੀ ਤਰ੍ਹਾਂ ਪ੍ਰਭਾਤ ਵੇਲੇ ਉਠ ਕੇ ਅਸ਼ਨਾਨ ਕੀਤਾ, ਤੇ ਚਦਰ ਵਲੇਟ ਕੇ ਕੋਠੀ ਅੰਦਰ ਸਮਾਧੀ ਲਾ ਕੇ ਬੈਠ ਗਏ। ਹੋਰ ਸਾਰਾ ਪਰਵਾਰ ਦਿਨ ਚੜ੍ਹੇ ਜਾਗੇ। ਨਹਾ-ਧੋਕੇ ਜੋ ਖਾਣਾ ਸੀ-ਖਾਧਾ ਪੀਤਾ। ਜੇ ਰਾਮ ਜੀ ਤੇ ਮੂਲ ਚੰਦ ਬੈਠਕ ਵਿਚ ਜਾ ਬੈਠੇ। ਪਿੰਡ ਦੇ ਹੋਰ ਵੀ ਕਈ ਪਤਵੰਤੇ ਮਿਲਣ ਨੂੰ ਆਏ ਸਨ। ਅਪਣੇ ੨ ਕਾਰ ਵਿਹਾਰ ਦੀਆਂ ਸੁਣਨ ਸੁਣਾਣ ਲੱਗੇ। ਇਧਰ ਘਰ ਅੰਦਰ ਚੰਦੋ ਰਾਣੀ, ਸੁਲੱਖਣੀ ਜੀ ਅਤੇ ਬੇਬੇ ਜੀ ਵੀ ਖਾਣ ਪੀਣ ਪਿਛੋਂ ਵੇਹਲੀਆਂ ਹੋ ਬੈਠੀਆਂ ਸਨ। ਗਿਲੇ ਗੁਜ਼ਾਰੀਆਂ ਦੀਆਂ ਗੱਲਾਂ ਰਾਤੀ ਹੀ ਮੁਕਾ ਕੇ ਸੁੱਤੀਆਂ ਸਨ। ਹੁਣ ਸ਼ਰੀਕਣੀਆਂ ਵਾਂਗੂ ਇਕ ਦੂਜੀ ਨੂੰ ਹਾਸ-ਰਸ ਵਿਚ ਖੁਲ੍ਹ ਡੁਲ੍ਹ ਪਈਆਂ ਤੇ ਕਿਤਨਾ ਚਿਰ੍ਹ ਇਹੋ ਲਹਿਰ ਚਲਾਈ ਰਖੀ।

ਥੋੜੀ ਦੇਰ ਪਿਛੋਂ ਖੇਡਦੇ ੨ ਲਖਮੀ ਚੰਦ ਜੀ ਆਏ। ਬੇਬੇ ਨਾਨਕੀ ਜੀ ਨੇ ਫੜ ਕੇ ਕੁਛੜ ਲੈ ਲੀਤੇ ਤੇ ਹਾਸੀ ਭਰੀਆਂ ਗਲਾਂ ਨਾਲ ਕੁਤ-ਕੁਤਾਹੜੀਆਂ ਕੱਢੀਆਂ। ਉਹ ਵੀ ਖਾਹ ਖਾਹ ਕਰਦੇ ਹਸਦੇ ਰਹੇ। ਪਰ ਸਵੇਰ ਥੀਂ ਬੇਬੇ ਜੀ ਨੇ ਆਪਣੀ ਝੋਲੀ ਦੇ ਚੰਨ੍ਹ-ਸ੍ਰੀ ਚੰਦ ਜੀ ਨੂੰ ਨਹੀਂ ਦੇਖਿਆ ਸੀ, ਕਿਤੇ ਉਹ ਵੀ ਖੇਡਣ ਨੂੰ ਬਾਹਰ ਗਿਆ ਹੋਣਾ ਹੈ। ਲਖਮੀ ਚਦ ਜੀ ਤੋਂ ਪੁਛਿਆ? ਵੀਰ ਕਿਥੇ ਈ? ਜਾਹ ਬੁਲਾ ਲਿਆ। ਇਨ੍ਹਾਂ ਹੱਥ ਦੇ ਇਸ਼ਾਰੇ ਨਾਲ ਦਸਿਆ ਕਿ ਉਹ ਤਾਂ ਕੋਠੀ ਅੰਦਰ ਹਨ।

ਬੇਬੇ ਨੇ ਪੁਛਿਆ ਕੀ ਕਰਦੇ ਹਨ? ਕੀ ਅਜੇ ਤੀਕ ਸੁੱਤੇ ਪਏ ਹਨ? ਜਾਹ ਉਹਨਾਂ ਨੂੰ ਜਗਾ ਲਿਆ ਇਹ ਸੁਣ ਕੇ ਚੰਦੋ ਰਾਣੀ ਜੀ ਬੋਲ ਉਠੇ, ਆਖਿਆ, ਪਿਉ ਦਾ ਪੁਤ ਜੋ ਹੋਇਆ, ਉਹ ਐਸ

ਵੇਲੇ ਤੀਕ ਸੁੱਤਾ ਕਿਥੇ ਪਿਆ ਹੈ ? ਉਹ ਤਾਂ ਸਾਰਿਆਂ ਥੀਂ ਪਹਿਲੇ ਪ੍ਰਭਾਤ ਵੇਲੇ ਜਾਗਦਾ ਤੇ ਪਿਉ ਵਾਗੂੰ ਹੁਣੇ ਹੀ ਸਮਾਧੀਆਂ ਲਾ ਬੈਠਦਾ ਹੈ । ਨਾ ਖਾਣ ਪੀਣ ਦੀ ਸੁਰਤ ਹੈ, ਨਾ ਪਹਿਨਣ ਦਾ ਫ਼ਿਕਰ। ਮੈਂ ਤਾਂ ਸਮਝਾਣ ਦੀ ਕਈ ਵੇਰ ਕੋਸ਼ਸ਼ ਕੀਤੀ ਪਰ ਤੇਰੀ ਭਰਜਾਈ ਮੇਰਾ ਮੂੰਹ ਬੰਦ ਕਰ ਦੇਂਦੀ ਹੈ। ਕਹੀਏ ਕੁਝ ਉਹਨੂੰ, ਤਾਂ ਤੱਪ ਇਹਨੂੰ ਚੜ੍ਹ ਜਾਂਦਾ ਹੈ । ਇਹ ਕਈ ੨ ਦਿਨ ਬਿਸੂੰਘਰੀ ਹੀ ਰਹਿੰਦੀ ਹੈ। ਇਸੇ ਕਰ ਕੇ ਮੈਂ ਅਤੇ ਤੇਰੇ ਮਾਸੜਾ ਜੀ ਨੇ ਹੁਣ ਸ੍ਰੀ ਚੰਦ ਨੂੰ ਕੁਝ ਕਹਿਣਾ ਹੀ ਛਡ ਦਿਤਾ ਹੈ।

ਚੰਦੋ ਰਾਣੀ ਨੇ ਆਖਿਆ—ਸ੍ਰੀ ਚੰਦ ਆਪ ਵੀ ਕੇਹੜਾ ਘਟ ਹੈ? ਇਕ ਤਾਂ ਕਈ ਕਈ ਦਿਨ ਬੋਲਦਾ ਹੀ ਨਹੀਂ । ਜੇ ਬੋਲਦਾ ਹੈ, ਤਾਂ ਪਿਉ ਜਿਹੇ ਗਿਆਨ ਦੇ ਪੋਥੇ ਖੋਹਲ ਬਹਿੰਦਾ ਹੈ । ਪਤਾ ਨਹੀਂ ਜਾਂਦੀ ਵੇਰ ਨਾਨਕ ਇਹਦੇ ਕੰਨਾਂ ਵਿਚ ਕੀ ਫੂਕ ਗਿਆ ਹੈ ਤੇ ਕੀ ਕੁਝ ਕੁਟ ਕੇ ਭਰ ਗਿਆ ਹੈ ? ਕਲ ਤੁਸੀਂ ਆਉਂਦੇ ਸਾਰ ਹੀ ਦੇਖ ਲੀਤਾ ਸੀ ਕਿ ਤੁਸਾਂ ਨੂੰ ਸਿਸਕਦੀ ਨੂੰ ਕਿਵੇਂ ਚੁਪ ਕਰਾ ਦਿਤਾ ਸੂ। ਹੁਣਿ ਫੇਰ ਅੱਖੀਂ ਦੇਖਣਾਂ ਹਈ ਤਾਂ ਸਾਹਮਣੇ ਅੰਦਰ ਬੈਠੇ ਨੂੰ ਦੇਖ ਲੈ, ਕਿਵੇਂ ਤਾੜੀ ਲਾ ਬੈਠਾ ਹੈ। ਉਹ ਆਪ ਹੀ ਅੱਖੀਂ ਖੋਲਕੇ ਮੂੰਹ ਬੋਲੇ ਤਾਂ ਬੋਲੇ, ਨਹੀ ਤਾਂ ਅਸੀਂ ਹੁਣ ਹਿਲਾਣਾ ਬੁਲਾਣਾ ਛੱਡ ਦਿਤਾ ਹੈ ਅਤੇ ਨਾ ਕਮਲੀਆ ਇਸ ਤਰਾਂ ਬੈਠੇ ਨੂੰ ਬੁਲਾਣ ਦਿੰਦਾ ਹੈ।

ਮਾਸੀ ਚੰਦੋ ਰਾਣੀ ਦੀਆਂ ਅਜਿਹੀਆਂ ਪਿਆਰੀਆਂ ਤੇ ਕਰਾਰੀਆਂ ਗਲਾਂ ਸੁਣ ਕੇ ਬੇਬੇ ਜੀ ਹਸਦੇ ਰਹੇ । ਉਹ ਛੇਤੀ ਨਾਲ ਉਠ ਤੇ ਬੂਹੇ ਦੀਆਂ ਵਿਲਕਣੀਆਂ ਵਿਚੋਂ ਆਪਣੇ ਛੋਟੇ ਜੋਗੀਸ਼ਵਰ ਨੂੰ ਡਿੱਠਾ। ਬੇਬੇ ਜੀ ਨੇ ਇਸੇ ਤਰ੍ਹਾਂ ਕਈ ਵੇਰ ਤਲਵੰਡੀ ਵਿਚ ਵੀਰ ਨਾਨਕ ਨੂੰ ਬੈਠੇ ਵੇਖਿਆ ਸੀ ਤਦੇ ਇਨ੍ਹਾਂ ਨੇ ਅਪਣੇ ਥੀਂ ਛੋਟੇ ਨੂੰ ਸਭ ਤੋਂ ਵੱਡਾ ਸਮਝ ਰਖਿਆ ਸੀ ! ਬੇਬੇ ਜੀ ਨੇ ਸਿਦਕ ਨਾਲ ਭਰਿਆ ਸ੍ਰੀ ਚੰਦ ਅਗੇ ਸਿਰ ਨਿਵਾਇਆ, ਕਿ ਇਸ ਵੇਲੇ ਆਪਣੇ ਵਿਚ ਇਹ ਰੱਬ ਨੂੰ ਵਸਾ ਕੇ ਬੈਠੇ ਹਨ । ਬੇਬੇ ਜੀ ਦਾ ਦਿਲ ਕੀਤਾ, ਕਿ ਬੂਹਾ ਖਟਕਾ ਕੇ ਉਨ੍ਹਾਂ ਨੂੰ ਬੁਲਾਵੇ ਪਰ ਕਮਲੀਆ ਜੀ ਨੇ ਬੇਨਤੀ ਕਰ ਕੇ ਰੋਕ ਦਿਤਾ, ਕਿ ਆਪ ਜੀ ਨੇ ਹੀ ਇਨਾਂ ਦੀ ਰਾਖੀ ਕਰਨ ਨੂੰ ਮੈਨੂੰ ਸਿਖਾਇਆ ਸੀ । ਅਜ ਆਪ ਹੀ ਇਨ੍ਹਾਂ ਦੀ ਸਮਾਧੀ ਵਿਚ ਵਿਘਣ ਕਿਉਂ ਪਾਂਦੇ ਹੋ ? ਬੇਬੇ ਜੀ ਨੇ ਆਪਣੇ ਮੋਹ ਪਿਆਰ ਨੂੰ ਰੋਕ ਲੀਤਾ ਤੇ ਇਨ੍ਹਾਂ ਦਾ ਦੱਮ ਹੱਠ ਪਰਤਾਉਣ ਨੂੰ ਬਾਹਰ ਚਲੇ ਆਏ ।

ਬਾਬਾ ਸ੍ਰੀ ਚੰਦ ਜੀ ਲਗਾਤਾਰ ਚਾਰ ਦਿਨ ਇਸੇ ਤਰ੍ਹਾਂ ਬੈਠੇ ਰਹੇ । ਉਮਰ ਕਰਕੇ ਮਸਾਂ ੧੦-੧੧ ਸਾਲਾਂ ਦੇ ਸਨ । ਇਨ੍ਹਾਂ ਜਿੱਤਨੇ ਬਚੇ ਤਾਂ ਕੁੱਦ ਕੁੱਦ ਕੇ ਆਪਣੇ ਘਰ ਦੀਆਂ ਮੰਜੀਆਂ ਅਤੇ ਦੂਜਿਆਂ ਦੇ ਬਨੇਰ ਤੋੜਦੇ ਹਨ ਪਰ ਇੱਸ ਅਨੋਖੀ ਸੂਰਤ ਦੇ ਬਾਲਕੇ ਨੇ ਇਸ ਵਰੇਸੇ ਹੀ ਖਾਣ ਪੀਣ ਪਹਿਰਨ ਥੀਂ ਚਿੱਤ ਉਦਾਸ ਕਰ ਲਿਆ ਸੀ । ਇਹ ਕਿਸੇ ਹੋਰ ਅਸਚਰਜ ਅਣਡਿੱਠੀ ਸ਼ੈ ਨਾਲ ਨਿਹੋ ਲਾ ਬੈਠੇ ਸਨ। ਇਨ੍ਹਾਂ ਦੇ ਦਿਲ ਚੀਆਂ ਅੱਖਾਂ ਨੂੰ ਪੰਜ ਸਾਲ ਦੀ ਉਮਰ ਵਿੱਚ ਹੀ "ਗਿਆਨ ਅੰਜਨ" ਦੇ ਕੇ-" ਪਿਤਾ ਗੁਰੂ" ਨੇ ਚਮਕਾ ਦਿੱਤਾ ਸੀ । ਇਨ੍ਹਾਂ ਨੂੰ ਉਸ ਵੇਲੇ ਤੋਂ ਹੀ "ਨਿਰੰਕਾਰ"-ਨਿਰਾਕਾਰ ਰੂਪ ਵਿੱਚ ਸਾਰੇ ਵਸਦਾ ਦਿਖਾਈ ਦੇਣ ਲਗਾ ਸੀ । ਜਿਵੇਂ ਧਰੂ ਨੂੰ ਨਿੱਕੇ ਹੁੰਦੇ ਹੀ ਨਾਰਦ ਮੁਨੀ ਨੇ ਉਪਦੇਸਿਆ ਤੇ ਸਮਝਾਇਆ ਸੀ, ਅਤੇ ਪ੍ਰਹਿਲਾਦ ਨੂੰ ਥੰਮਾਂ ਵਿਚੋਂ ਦਿਸ਼ਟਾਇਆ ਸੀ, ਤਿਵੇਂ ਗੁਰੂ ਨਾਨਕ ਨੇ ਆਪਣੇ ਸਪੁਤ ਸ੍ਰੀ ਚੰਦ ਜੀ ਨੂੰ ਪੂਰਨ ਕਿਰਪਾ ਦ੍ਰਿਸ਼ਟੀ ਨਾਲ ਤਲੀ ਉਤੇ ਸਰ੍ਹੋਂ

ਜਮਾਏ ਵਾਂਗੂੰ ਰੱਬ ਨੂੰ ਹਿਰਦੇ ਵਿੱਚ ਦਿੱਖਾ ਦਿਤਾ ਸੀ। ਏਸ ਕਰਕੇ ਹੀ ਬਾਲ ਉਮਰੇ ਇਹ ਸਮਾਧੀਆਂ ਲਾਕੇ ਬੈਠਦੇ ਅਤੇ "ਸ਼ੇਖ ਫ਼ਰੀਦ" ਵਾਂਗੂ-"ਸ਼ਕਰ ਖੰਡ ਨਿਵਾਤ ਗੁੜ" ਨਾਲੋਂ ਰੱਬ ਨੂੰ ਮਿੱਠਾ ਸਮਝਦੇ ਸਨ। ਨਹੀਂ ਤਾਂ ਕੋਈ ਵਜਾ ਨਹੀਂ ਦਿਸਦੀ, ਕਿ ਸ੍ਰੀ ਚੰਦ ਜੀ-ਨਿੱਕੀ ਉਮਰੇ ਹੀ ਰੱਸ ਕੱਸ ਤੇ ਦੁਨੀਆਦਾਰੀ ਵਲੋਂ ਕਿਉਂ ਉਦਾਸ ਹੋ ਬੈਠੇ ਹੋਵਨ ?

ਜਿਨ੍ਹਾਂ ੨ ਦੁਨੀਆਦਾਰਾਂ ਦੇ ਘਰੀਂ ਬੱਚੇ ਹੁੰਦੇ ਹਨ, ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਕਿ ਬਚਿਆਂ ਦੀਆਂ ਬੇਅੰਤ ਲੋੜਾਂ ਪੂਰੀਆਂ ਕਰਨ ਵਿਚ ਉਹ ਕਿੱਤਨੇ ਔਖੇ ਹੁੰਦੇ ਹਨ। ਜੇ ਨਹੀਂ ਪੂਰੀਆਂ ਕਰਦੇ, ਤਾਂ ਬਚੇ ਕਿੱਤਨਾ-ਤੰਗ ਕਰਦੇ ਹਨ। ਪਰ ਇਹ ਵੱਡੀ ਸਿਫਤ "ਵਡੇ ਬਾਬੇ ਦੇ ਸ੍ਰੀ ਚੰਦ ਵਿੱਚ ਹੀ ਦੇਖੀ ਗਈ ਜੋ ਬਾਲ ਉਮਰ ਦੀਆਂ ਸਾਰੀਆਂ ਖੇਡਾਂ ਤੇ ਲੋੜਾਂ ਵਲੋਂ ਮੂੰਹ ਮੋੜ ਕੇ ਰੱਬ ਦੇ ਰੱਸ ਵਿੱਚ ਰੱਸੇ ਜਾ ਰਹ ਸਨ, ਤੇ ਇਹੋ ਇਨ੍ਹਾਂ ਦੇ ਗੁਰੂ ਪਿਤਾ ਦੀ ਚਾਹ ਸੀ।

ਗੁਰੂ ਨਾਨਕ ਅੰਤਰਜਾਮੀ ਸਨ। ਉਹ ਸ੍ਰੀ ਚੰਦ ਜੀ ਦੇ ਭਵਿਖਤ ਨੂੰ ਪਹਿਲੇ ਹੀ ਸਮਝਦੇ ਸਨ ਤੱਦੇ ਉਨ੍ਹਾਂ ਨੇ ਬਾਬਾ ਸ੍ਰੀ ਚੰਦਪ੍ਰਥਾਏ-"ਚਿਰੰਜੀਵੀ-ਬਾਲ ਜੱਤੀ ਤੇ ਅਪਣਾ ਪੰਥ ਚਲਾਏਗਾ"—ਇਹ ਬਚਨ ਉਚਾਰੇ ਸਨ। ਫੇਰ ਉਹ ਗੁਰੂ ਨਾਨਕ ਜੋ ਦੂਜਿਆਂ ਨੂੰ-"ਨਾਮ ਜਪਣਾ, ਸੱਚ ਬੋਲਣਾ ਤੇ ਵੰਡ ਛੱਕਣਾ" ਸਿਖਾਣ ਗਏ ਸਨ, ਉਹ ਅਪਣੇ ਦਬਿਆਂ ਨੂੰ ਇਸ ਰਾਹੇ ਨ ਟੋਰਦੇ ਤਾਂ ਪੱਕਾ ਉਲਾਂਭਾ ਸੀ।

ਗੁਰੂ ਜੀ ਨੇ ਦਰਗਾਹ ਦੀ ਬਖਸ਼ਸ਼ ਪਾਕੇ ਸਭ ਥੀਂ ਪਹਿਲੇ ਸੱਭ ਤੋਂ ਚੰਗੀ ਚੀਜ "੧ ਓ ਸਤਿ ਨਾਮੁ" ਮੰਤ੍ਰ ਨਾਲ ਅਪਣੇ ਸਪੁਤਰ ਸ੍ਰੀ ਚੰਦ ਨੂੰ ਜੋੜਿਆ। ਫੇਰ ਹੋਰਾਂ ਨੂੰ ਜੋੜਨ ਲਈ ਟੁਰੇ ਸਨ।

ਸਤਿਗੁਰੂ ਇਹ ਵੀ ਮਿੱਥ ਕੇ ਟੁਰੇ ਸਨ ਕਿ ਕਰਤਾਰ ਦੇ ਹੁਕਮ ਵਿੱਚ ਕਿਥੇ ੨ ਜਾਣਾ ਅਤੇ ਕਿਥੇ ੨ ਮੰਤ੍ਰ ਜਪਾਣ ਦੇ ਸੋਮੇਂ (ਧਰਮਸਾਲਾਂ) ਰੱਚਾ ਕੇ ਮੰਜੀਆਂ (ਅਪਣੇ ਨਾਲ ਸਬੰਧਤ ਗੱਦੀਆਂ) ਕਾਇਮ ਕਰਨੀਆਂ ਹਨ। ਐਸੇ ਹੀ ਇਨ੍ਹਾਂ ਦੇ ਸ੍ਰੀ ਚੰਦ ਨੇ ਵੀ ਅਪਣੇ ਜਿਹੇ ਤਿਆਗੀਆਂ ਵਿਰਾਗੀਆਂ ਮਹਾਂ ਪੁਰਖਾਂ ਦੀ ਗੁਰੂ ਰੂਪ ਵਿਚ ਅਗਵਾਈ ਕਰਨੀ ਹੈ। ਤੱਦੇ ਗੁਰੂ ਨਾਨਕ ਜੀ ਨੇ ਬਾਲ ਅਵਸਥਾ ਵਿੱਚ ਹੀ ਇਨ੍ਹਾਂ ਨੂੰ ਇੱਸ ਪਾਸੇ ਜੋੜਿਆ ਤੇ ਵੱਡ ਕਰਾਮਾਤੀ ਸਾਧੂ ਹੋਣ ਦਾ ਵਰ ਦਿਤਾ ਸੀ। ਅੱਜ ਪਖੋਕੇ ਆਇ ਹੋਇਆਂ ਬੇਬੇ ਨਾਨਕੀ ਜੀ ਨੂੰ ਅਪਣੇ ਵੀਰ ਦੀ ਹਰ ਇਕ ਗੱਲ ਸੱਚੀ ਦਿੱਸ ਰਹੀ ਸੀ, ਜੱਦ ਕਿ ੧੧ ਸਾਲਾਂ ਦੇ ਸ੍ਰੀ ਚੰਦ ਜੀ ਨੇ ਚਾਰ ਦਿਨਾਂ ਪਿਛੋਂ ਸਮਾਧੀ ਖੋਹਲੀ, ਬਸਤਰ ਬਦਲੇ, ਤੇ ਬਾਹਰ ਆਏ ਸਨ।

੩੨ ਪਹਿਰ ਪਿਛੋਂ ਬਾਬਾ ਸ੍ਰੀ ਚੰਦ ਜੀ ਦੇ ਜੁੜੇ ਨੇਤਰ ਖੁਲੇ ਸਨ, ਜੋ ਰੱਸ ਭਿੰਨੇ-ਮਸਤਾਨੇ ਅਤੇ ਖ਼ੁਮਾਰੇ ਹੋਏ ਸਨ। ਪਲਕਾਂ ਝਮਕਦੇ ਤਾਂ ਇਉਂ ਦਿਸਦੇ ਮਾਨੋ ਅੰਮ੍ਰਿਤ ਵਰਖਾ ਕਰ ਰਹੇ ਹਨ। ਸਿਰ ਦੀਆਂ ਬਾਵਰਾਂ (ਲਿਟਾ) ਸੁਨਹਿਰੀ ਤੇ ਚਮਕੀਲੀਆਂ ਪਿੱਛੇ ਸੁਟੀਆਂ ਹੋਈਆਂ ਸਨ। ਮੂੰਹ ਦਾ ਰੰਗ ਗੋਰਾ ਤੇ ਹਲਕਾ ਗੁਲਾਬੀ, ਸੱਜ ਕੰਨ ਵਿੱਚ ਮੁੰਦਰਾ ਸੀ। ਦੰਦ ਮੋਤੀਏ ਦੀਆਂ ਕਲੀਆਂ ਵਾਂਗੂੰ ਚਿੱਟੇ ਚਮਕੀਲੇ ਅਤੇ ਮੁਖੜੇ ਉਤੇ ਹਲਕੀ ਜਹੀ ਮੁਸਕ੍ਰਾਹਟ ਸੀ। ਬਾਹਵਾਂ ਲੰਮੀਆਂ, ਤੇ ਸ੍ਰੀਰ ਗੁੱਠਲਾ, ਭਰਿਆ ਹੋਇਆ ਤੇ ਜੰਘਾਂ ਕੇਲੇ ਦੇ ਤਣੇ ਵਾਂਗੂੰ ਗੋਲ ਸਨ। ਆਪ ਹੌਲੀ ੨ ਤੁਰਦੇ ਬਾਹਰ ਆਏ ਤੇ ਆਸਾਂ ਭਰੇ ਬੈਠਿਆਂ ਸਾਰਿਆਂ ਨੂੰ ਨਿਹਾਲ ਕੀਤਾ।

# ਸਾਰਾ ਪ੍ਰਵਾਰ ਜੁੜ ਬੈਠਾ

ਕੁੱਝ ਖਾਣ ਪੀਣ ਮਗਰੋਂ ਸਾਰਾ ਪਰਵਾਰ ਜੁੜ ਬੈਠਾ ਸੀ। ਬੇਬੇ ਜੀ ਦਾ ਦਿੱਲ ਫੇਰ ਹਿਰਸ ਨਾਲ ਭਰਿਆ ਪਿਆ ਸੀ, ਇਨ੍ਹਾਂ ਨੇ ਖਿਚ ਕੇ ਸ੍ਰੀ ਚੰਦ ਜੀ ਨੂੰ ਗੋਦੀ ਬਹਾ ਲਿਆ ਅਤੇ ਹਸੂੰ ਹਸੂੰ ਕਰਦਿਆਂ ਆਖਿਆ—ਤਿਨਾਂ ਵਰਿਹਾਂ ਪਿਛੋਂ ਮਿਲੇ ਹੋ। ਚਾਰ ਦਿਨ ਸਾਨੂੰ ਇੱਥੇ ਆਇਆਂ ਨੂੰ ਹੋਇ—ਅੱਜੀ ਤੁਹਾਡੇ ਮਿਲਣ ਨੂੰ ਆਏ, ਤੁਸੀ ਰੱਬ ਨਾਲ ਮਿੱਲ ਕੇ ਬਹਿ ਗਏ। ਇਹ ਤਾਂ ਉਹਾ ਗੱਲ ਹੋਈ "ਜੰਵ ਵੇਹੜੇ ਤੇ ਵਹੁੱਟੀ ਗਲੀਆਂ" ਕੀ ਘਰ ਆਇਆਂ ਦਾ ਇਹੋ ਜਿਹਾ ਆਦਰ ਕਰੀ ਦਾ ਹੈ ? ਵੀਰ ਜੀਨੈ ਤਾਂ ਤੁਸਾਂਨੂੰ ਮੇਰੀ ਝੋਲੀ ਸੌਂਪਿਆ ਸੀ। ਕਿ ਪੁੱਤ ਜਾਣ ਕੇ ਠਰਦੀ ਰਹੇਂ। ਪਰ ਚੰਗਾਂ ਤੁੱਸੀ ਪੁਤ ਪੁਣੇ ਦੀ ਗੱਲ ਕੀਤੀ ਹੈ। ਕੀ ਇਸੇ ਤਰ੍ਹਾਂ ਮੇਰੀ ਭਰਜਾਈ ਨੂੰ ਬੀ ਤਰਸਾਂਦੇ ਰਹੇ ਹੋ ? ਤੁਸਾਨੂੰ ਐਨੇ ਦਿਨ ਭੁੱਖੇ ਭਾਣੇ ਨੂੰ ਵੇਖ ਕੇ ਸੁਲੱਖਣੀ ਨੂੰ ਕਿਵੇਂ ਸੰਘਿਉਂ ਲੰਘਦੀ ਹੋਵੇਗੀ ? ਇੱਤਨਾ ਹੱਠ ਨ ਕੀਤਾ ਕਰੋ।

ਬੇਬੇ ਨਾਨਕੀ ਜੀ-ਲਾਡ ਪਿਆਰ ਵਿੱਚ ਅਜੇ ਕੁਝ ਹੋਰ ਕਹਿਣਾ ਚਾਂਹੁਦੇ ਸਨ। ਪਰ ਚੰਦੋ ਰਾਣੀ ਜੀ ਨੇ ਟੋਕ ਕੇ ਆਖਿਆ-ਧੀਏ ! ਤੂੰ ਅਪਨੀ ਸੰਭਾਲ। ਤੇਰੀ ਝੋਲੀ ਜੋ ਪਾ ਗਿਆ ਹੈ। ਜਹੀ ਅਪਣੇ ਮਾਂ-ਪਿਉ ਦੀ ਨਾਨਕ ਨੇ ਸੁਰਤ ਲੀਤੀ ਹੈ, ਇਹੋ ਜਹੀ ਆਪਣੀ ਮਾਂ ਦੀ ਉਹਦਾ ਪੁਤ ਸੰਭਾਲ ਕਰੇਗਾ। ਬੇਬੇ ਨਾਨਕੀ ਜੀ ਨੂੰ ਅਪਣੇ ਵੀਰ ਜੀ ਬਾਬਤ ਮੇਹਣੇ ਤਾਹਣੇ ਦੀ ਗੱਲ ਚੰਗੀ ਨ ਲੱਗੀ, ਦਿਖਲਾਵੇ ਦਾ ਥੋੜਾ ਹੱਸੇ ! ਫੇਰ ਇੱਸ ਜਿਕਰ ਨੂੰ ਬੰਦ ਕਰਕੇ ਹੋਰ ਤਰ੍ਹਾਂ ਦਾ ਵਾਰਤਾਲਾਪ ਬਦਲ ਦਿਤਾ।

ਬੇਬੇ ਜੀ ਨੇ ਹਸਦੇ ਹਸਦੇ ਸ੍ਰੀ ਚੰਦ ਜੀ ਨੂੰ ਫੇਰ ਆਖਿਆ-ਸੁਣਿਆ ਹੈ, ਤੁਸੀ ਗਿਆਨ ਕੱਥਾ ਵੀ ਕਰਦੇ ਰਹਿੰਦੇ ਹੋ ? ਕੱਝ ਸਾਨੂੰ ਤਾਂ ਸੁਣਾਉ ? ਕੁੱਝ ਸਾਡੇ ਪੱਲੇ ਵੀ ਪਾਉ ? ਤੱਦ ਸ੍ਰੀ ਚੰਦ ਜੀ ਨੇ ਹਸਦੇ ਹਸਦੇ ਆਖਿਆ-ਭੂਆ ਜੀ ! ਅਪਣ ਵੀਰ ਪਾਸੋਂ ਸੁਣਨਿ ਵਿਚ ਤੁਸਾਨੂੰ ਕੁੱਝ ਕਸਰ ਰਹੀ ਹੋਵੇ ਤਾਂ ਅਸੀ ਪੂਰੀ ਕਰੀਏ ? ਪਰ ਤੁਸੀ ਤਾਂ ਆਪ ਹੀ ਉਨ੍ਹਾਂ ਪਾਸੋਂ ਸੁਣੀਆਂ ਸਾਖੀਆਂ ਤੇ ਸਿਖਿਆ ਮੈਨੂੰ ਸੁਣਾਂਦੇ ਰਹੇ। ਜੋ ਯਾਦ ਰਖੀਆਂ ਤੇ ਕਿਸੇ ਨੂੰ ਸੁਣਾ ਦਿੰਦਾ ਹਾਂ। ਕੀ ਇਨ੍ਹਾਂ ਸਾਰਿਆਂ ਸਾਹਵੇਂ ਪੁੱਛ ਕੇ ਪ੍ਰੀਖਿਯਾ ਲੈਂਦੇ ਹੋ ? ਸ਼ਰਮਾਂਦੇ ਹੋ ? ਕਿ ਵਡਿਆਈ ਦੇਣਾ ਚਾਹੁੰਦੇ ਹੋ ? ਇਉਂ ਸੁਣ ਕੇ ਬੇਬੇ ਜੀ ਦੀਆਂ ਅੱਖਾਂ ਅਪਨੇ ਵੀਰ ਦੇ ਧਿਆਨ ਵਿਚ ਜੁੜ ਗਈਆਂ, ਤੇ ਬੰਦ ਅੱਖਾਂ ਵਿਚੋਂ ਜਿਵੇਂ ਪ੍ਰੇਮ ਦੇ ਮੋਤੀ ਕਿਰਨ ਲਗੇ। ਸ੍ਰੀਰ ਪੁਲੱਕ ਪਿਆ ਤੇ ਰੋਮ ਰੋਮ ਵਿਚੋਂ ਪ੍ਰੇਮ ਦਾ ਪਸੀਨਾਂ ਫੁੱਟ ਆਇਆ-ਕੁੱਝ ਚਿਰ ਸ਼ਾਂਤ ਜਿਹੀ ਵਰਤ ਗਈ। ਫੇਰ ਨੈਨ ਖੁੱਲੇ, ਤਾਂ ਡੱਲ੍ਹ ਡੱਲ੍ਹ ਕਰਦੇ ਹੰਝੂਆਂ ਨਾਲ ਭਰੇ ਸਨ ਬੇਬੇ ਜੀ ਨੇ ਗੱਦਗੱਦ ਹੋਇਆਂ ਫੇਰ ਇਉਂ ਆਖਿਆ।

ਲਾਲ ਜਿਉ ! ਤੁਸੀ ਵੀ ਧੰਨ, ਤੁਸਾਡੇ ਪਿਤਾ ਵੀ ਧੰਨ। ਤੁਸਾਡੀ ਇਹ ਮਾਤਾ ਵੀ ਧੰਨ ਅਤੇ ਮੈਂ ਵੀ ਧੰਨ ਜਿਸਨੂੰ ਤੁਸਾਡੇ ਗੋਦੀ ਬਹਾਨ ਦਾ ਸੁਭਾਗ ਹੋਇਆ। ਲਾਲ ਜੀਉ ! ਵਡਿਆਈ ਤਾਂ ਤੁਸਾਨੂੰ ਅਪਣੇ ਨਿਰੰਕਾਰੀ ਪਿਤਾ ਨੇ ਬਖਸ਼ੀ ਹੈ। ਤੁਸੀ ਇਹ ਕਿਉਂ ਆਖਿਆ—ਕਿ ਤੁਹਾਨੂੰ ਪੁੱਛ ਕੇ ਸ਼ਰਮਾ ਰਹੀ ਹਾਂ ? ਮੈਂ ਤਾਂ ਅੱਜ ਨਿੱਸਚਾ ਕਰਨਾ ਚਾਹੁੰਦੀ ਸੀ ਕਿ ਦੂਜਿਆਂ ਦੇ ਛੋਟੇ ਬਾਲਕਾਂ ਨੂੰ ਸਿਖਿਆ ਦੇਣ ਵਾਲੇ ਪਿਤਾ ਨੇ ਅਪਣੇ ਨਿੱਕੇ ਬਾਲਕੇ ਨੂੰ ਜੋ ਕੁੱਝ ਸਿਖਾਇਆ ਸਮਝਾਇਆ ਸੀ, ਓਹ ਗੱਲਾਂ ਬਾਤਾਂ ਹੁਣ ਤੀਕ ਤੁਸਾਨੂੰ ਯਾਦ ਵੀ ਹਨ, ਕਿ ਵਿਸਾਰ ਦਿਤੀਆਂ ਹਨ। ਉਹ ਸੁਣ ਕੇ ਮੈਨੂੰ ਖੁੱਸ਼ੀ ਹੋਵੇਗੀ। ਤੱਦ ਬਾਬਾ ਜੀ ਨੇ ਭੂਆ ਨਾਨਕੀ ਜੀ ਦੀਆਂ ਕੁੱਝ ਪੁੱਛਾਂ ਦਾ ਨਾਲੋ ਨਾਲ ਉਤਰ ਦਿੱਤਾ।

ਬੇਬੇ ਜੀ ਨੇ ਇਹ ਪੁੱਛਾਂ ਕੀਤੀਆਂ ਸਨ ।

ਪ੍ਰਸ਼ਨ ਬੇਬੇ ਨਾਨਕੀ—ਸੰਸਾਰ ਵਿੱਚ ਉੱਤਮ ਪੁਰਸ਼ ਕੌਣ ਹੁੰਦੇ ਹਨ ?

ਉਤਰ ਬਾਬਾ ਜੀ—ਜੋ ਕਿਸੇ ਦਾ ਬੁਰਾ ਕਰਨਾ ਛੱਡ ਕੇ ਭਲਾ ਕਰਨ ਦੀ ਸੋਚਦੇ ਹਨ ।

ਪ੍ਰਸ਼ਨ—ਬੰਧਨ ਰਹਿਤ ਕਿਉਂ ਹੋਈਦਾ ਹੈ ?

ਉਤਰ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਤੇ ਕਾਬੂ ਪਾਣ ਨਾਲ ਤੇ ਕੁਝ ਬੱਣ ਬੇਠਣ ਦੀ ਵਾਸ਼ਨਾਂ ਛੱਡ ਦੇਣ ਨਾਲ ਹੋਈਦਾ ਹੈ । ਫੇਰ ਬੁਰੀ ਵਾਸ਼ਨਾਂ ਹੀ ਵਡਾ ਬੰਧਨ ਹੈ । ਜੋ ਉਲਟੇ ਕੰਮ ਕਰਾਕੇ ਫਸਾ ਦਿੰਦੀ ਹੈ ।

ਪ੍ਰਸ਼ਨ—ਫਕੀਰ ਲੋਕ ਕਿਵੇਂ ਸੁੱਖੀ ਰਹਿ ਸਕਦੇ ਹਨ ?

ਉਤਰ—ਜੋ ਮੱਨ-ਬਾਣੀ ਤੇ ਸ੍ਰੀਰ ਉਤੇ ਕਾਬੂ ਪਾਏ ਰਖਦੇ ਅਤੇ ਸ੍ਰੀਰ ਦਾ ਮੋਹ ਬੀ ਤਿਆਗ ਦਿੰਦੇ ਹਨ ।

ਪ੍ਰਸ਼ਨ—ਮੋਹ ਕਿਉਂ ਮੰਦਾ ਹੈ ? ਧੀ-ਪੁੱਤਾਂ ਸਬੰਧੀਆਂ ਦੇ ਮੋਹ ਵੱਸ ਹੋ ਕੇ ਹੀ ਸੰਸਾਰ ਦਾ ਵਿਹਾਰ ਚਲਦਾ ਹੈ ?

ਉਤਰ—ਸੰਸਾਰ ਦੇ ਵਿਹਾਰ ਕਾਰ ਚਲਾਉਣ ਤੀਕ ਤਾਂ ਮੋਹ ਦੀ ਠੀਕ ਲੋੜ ਹੈ, ਪਰ ਕਿਸੇ ਸੁਧਾਰਕ ਫਕੀਰ ਲਈ ਦੁਖਦਾਈ ਹੈ । ਇਸ ਨਾਲ ਮਨ ਮੈਲਾ ਹੁੰਦਾ ਹੈ । ਤੇ ਮਨ ਮੈਲੇ ਦੀਆਂ ਇਹ ਪੰਜ ਨਸ਼ਾਨੀਆਂ ਹਨ ।

1. ਪਰਮੇਸ਼ਰ ਦੀ ਸਿਮਰਨ ਭਗਤੀ ਹਿਰਦੇ ਵਿਚੋਂ ਉਡ ਜਾਂਦੀ ਹੈ । ਕਿਉਂ ਕਿ ਭਗਤੀ (ਬੰਦਗੀ) ਦੀ ਥਾਂ ਮੋਹ ਵਾਲੀ ਵਸਤੂ ਨੇ ਮੱਲ ਲਈ ਹੁੰਦੀ ਹੈ ।

2. ਕਿੱਤੇ ਮੋਹ ਪਾ ਬੈਠਣ ਵਾਲਾ ਸੰਤ-ਫਕੀਰ ਜੋਰੋ ਜੋਰੀ ਹੱਠ ਨਾਲ ਸੱਤ ਸੰਗਤ ਵਿੱਚ ਯਾ ਸਿਮਰਨ ਵਿੱਚ ਜੁੜ ਬੈਠੇ ਤਾਂ ਸਵਾਦ ਨਹੀ ਆਏ ।

3. ਅਖੀਆਂ ਵਿੱਚ ਨੀਂਦ ਭਰੀ ਰਹੇ । ਯਾ ਵਿਸ਼ੇ ਵਾਸ਼ਨਾਂ ਭੋਗਾਂ ਵਿਚ ਮਨ ਭਰਮਦਾ ਰਹੇ, ਤੇ ਕਰਤਾਰ ਵਿੱਸਰ ਜਾਏ ।

4. ਧਨ ਪਦਾਰਥ ਨਾਲ ਪਿਆਰ ਵੱਧ ਜਾਏ, ਤੇ ਇਹਦੇ ਕੱਠਾ ਕਰਨ ਵਿੱਚ ਵੱਲ ਛੱਲ ਕਰਦਾ ਫਿਰੇ ।

5. ਹਰੀ ਕੱਥਾ ਕਰਨ ਸੁਣਨਿ ਵਾਲੇ ਰਤੀ ਭਰ ਚੰਗੇ ਨ ਦਿਸਣ ਸਗੋਂ ਹਰੀ ਕਥਾ ਕਰਨ ਸੁਣਨਿ ਵਾਲਿਆਂ ਨੂੰ ਟਿੱਚਰਾਂ ਤੇ ਹੁੱਜਤਾਂ ਕਰਦਾ ਫਿਰੇ । ਇੱਹ ਪੰਜ ਲੱਛਣ ਮਨ ਮੈਲਿਆਂ ਦੇ ਭੂਆ ਜੀ । ਹੁੰਦੇ ਹਨ ।

ਬਾਬਾ ਸ੍ਰੀ ਚੰਦ ਜੀ ਵਲੋਂ ਅਪਣੇ ਪ੍ਰਸ਼ਨਾਂ ਦੇ ਸਹੀ ਉਤਰ ਸੁਣ ਕੇ ਬੇਬੇ ਨਾਨਕੀ ਜੀ ਨੇ ਤਨੋਂ ਮਨੋਂ ਗੱਦ ਗੱਦ ਹੋਣਾ ਹੀ ਸੀ । ਇਸ ਵੇਲੇ ਹੋਰ ਬੀ ਸਾਰੇ ਬੰਦੇ ਜੇਹੜੇ ਪਾਸ ਬੈਠੇ ਸਨ ਖੁਸ਼ ਹੋਏ । ਤੇ ਸਿਦਕ ਨਾਲ ਭਰੇ ਗਏ । ਜਿਨ੍ਹਾਂ ਦੇ ਨਾਮ ਇਉਂ ਲਿਖੇ ਮਿਲਦੇ ਹਨ ।

ਬੇਬੇ ਨਾਨਕੀ ਜੀ ਤੇ ਇਨ੍ਹਾਂ ਦੀ ਦਾਸੀ ਤੁਲਸਾਂ ।

ਜੈ ਰਾਮ ਜੀ ਤੇ ਇਨ੍ਹਾਂ ਦੇ ਦੋ ਨੌਕਰ (ਕਾਂਮੇ) ।

ਚਲਦਾ

# ਗੁਰੂ ਬਾਬੇ ਨਾਨਕ ਦਾ ਸੰਦੇਸ਼

ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ ॥

( ਵਲੋਂ-- ਰਣਜੀਤ ਸਿੰਘ ਪਿੰਡ ਮਾਜਰੀ, ਜ਼ਿਲਾ ਲੁਧਿਆਣਾ )

ਆਓ, ਇਸ ਮਨ ਨੂੰ ਏਕਤਾ ਦੇ ਘਰ ਵਿਚ ਲਿਆਈਏ, ਇਸ ਨੂੰ ਆਪਣੇ ਵਾਹਿਗੁਰੂ ਨਾਲ ਜੋੜੀਏ । ਕਿਉਂਕਿ ਸਾਡੇ ਮਨ ਦੀ ਇਹ ਖੂਬੀ ਹੈ—ਇਸ ਦਾ ਸਭਾਅ ਹੈ ਕਿ ਇਹ ਕਿਧਰੇ ਵੀ ਟਿਕਦਾ ਨਹੀਂ । ਚਾਰੋਂ ਪਾਸੀਂ ਦੌੜਦਾ ਹੈ । ਮਾਇਆ ਇਕੱਠੀ ਕਰਨ ਲਈ, ਬੁਰੇ ਕੰਮਾਂ ਲਈ : ਪਰਾਈ ਇਸਤਰੀ ਪਿੱਛੇ, ਸ਼ਰਾਬ, ਜੂਏ ਤੇ ਹੋਰ ਦੁਰਾਚਾਰੀ ਦੇ ਕੰਮਾਂ ਪਿੱਛੇ। ਕਿਉਂਕਿ ਚੰਗੇ ਗੁਣਾਂ, ਚੰਗੀਆਂ ਗੱਲਾਂ ਗ੍ਰਹਿਣ ਕਰਨ ਦੀ ਇਸ ਦੀ ਆਦਤ ਨਹੀਂ । ਇਹ ਹੈ ਸਾਡੇ ਮਨ ਦਾ ਗੁਣ । ਜਿਸ ਤਰ੍ਹਾਂ ਪਾਣੀ ਦੀ ਬੂੰਦ ਬੂੰਦ ਨਾਲ ਘੜਾ ਭਰ ਜਾਂਦਾ ਹੈ, ਕੱਚੇ ਸੂਤ ਦੇ ਧਾਗਿਆਂ ਨਾਲ ਰੱਸਾ ਬਣ ਜਾਂਦਾ ਹੈ। ਇਸੀ ਤਰ੍ਹਾਂ ਹੀ ਜੇ ਅਸੀਂ ਆਪਣੇ ਮਨ ਦੇ ਖਿੰਡਾਉ ਨੂੰ ਦੁਨਿਆਵੀ ਵਾਸ਼ਨਾਵਾਂ ਵਲੋਂ ਰੋਕ ਕੇ ਇਕਾਗਰਤਾ ਵਿਚ ਲਿਆਈਏ ਤਾਂ ਸਾਡੇ ਦਿਮਾਗ ਦੀ ਤਾਕਤ ਵਧੇਗੀ--ਸ਼ਕਤੀ ਵਧੇਗੀ । ਸ਼ਕਤੀ ਨਾਲ ਕੀ ਹੋਵੇਗਾ ਕਿ ਸਾਡਾ ਮਨ ਵਾਹਿਗੁਰੂ ਦੇ ਨਾਲ ਸੁਚੀ ਲਿਵ ਵਿਚ ਲੀਨ ਰਹੇਗਾ । ਜਿਵੇਂ ਇਕ ਸ਼ਹਿਰ ਵਿਚ ਕੋਈ ਅਮੀਰ ਆਦਮੀ ਰਹਿੰਦਾ ਹੈ, ਚੰਗਾ ਮਕਾਨ ਹੈ ਖਾਣ-ਪਹਿਨਣ ਦੀ ਕੋਈ ਥੁੜ ਨਹੀਂ, ਗਰਮੀਆਂ ਵਿਚ ਆਪਣੇ ਮਕਾਨ ਅੰਦਰ ਬੈਠਾ ਹੈ, ਕੂਲਰ ਹੈ ਮਕਾਨ ਠੰਢਾ ਕਰਨ ਲਈ। ਪਰ ਉਸ ਦਾ ਮਨ ਇਕਾਗਰਤਾ ਵਿਚ ਨਹੀਂ । ਏਧਰ ਉਧਰ ਦੌੜਦਾ ਹੈ, ਮਾਇਆ ਇਕੱਠੀ ਕਰਨ ਲਈ । ਦਸੋ, ਉਹ ਸੁਖੀ ਹੈ ? ਨਹੀਂ।

ਇਕ ਕੋਈ ਮਜ਼ਦੂਰ ਹੈ, ਧੁਪ ਵਿਚ ਕੰਮ ਕਰਦਾ ਹੈ, ਉਸ ਦਾ ਮਨ ਇਕਾਗਰਤਾ ਵਿਚ ਹੈ, ਆਪਣੇ ਕੰਮ ਨਾਲ ਪਿਆਰ ਹੈ । ਕਿਰਤ ਕਰ ਕੇ ਰੁਖੀ-ਮਿੱਸੀ ਛਕਦਾ ਹੈ । ਮੇਰੇ ਖਿਆਲ ਅਨੁਸਾਰ ਤਾਂ ਮਜ਼ਦੂਰ ਸੁਖੀ ਹੈ । ਕਿਉਂਕਿ ਉਸ ਦਾ ਮਨ ਬਹੁਤੀਆਂ ਭੱਜਾਂ-ਦੌੜਾਂ ਵਿਚ ਨਹੀਂ । ਇਸ ਤਰਾਂ ਸਾਨੂੰ ਜੋ, ਸਿਖ ਅਖਵਾਂਦੇ ਹਾਂ, ਗੁਰੂ ਬਾਬੇ ਅਗੇ ਸਿਰ ਨਿਵਾਂਦੇ ਹਾਂ ਤਾਂ ਸਾਡਾ ਫਰਜ਼ ਹੈ ਕਿ ਗੁਰੂ ਬਾਬੇ ਦੇ ਹੁਕਮ ਦੀ ਪਾਲਣਾ ਕਰੀਏ । ਗੁਰੂ ਜੀ ਫੁਰਮਾਂਦੇ ਹਨ--

ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮਿ ਧਿਆਵੈ ॥
ਉਦਮ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰ ਚੜੈ ਦਿਵਸ ਗੁਰਬਾਣੀ ਗਾਵੈ ਬਹਦਿਆਂ ਉਠਦਿਆਂ ਹਰਿ ਨਾਮ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨ ਭਾਵੈ ॥
ਜਿਸਨੋ ਦਇਆਲ ਹੋਵੈ ਮੇਰਾ ਸੁਆਮੀ ਤਿਸ ਗੁਰਸਿਖ ਗੁਰੂ ਉਪਦੇਸਿ ਸੁਣਾਵੈ ॥
ਜਨੁ ਨਾਨਕ ਧੂੜਿ ਮੰਗੈ ਤਿਸ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮ ਜਪਾਵੈ ॥

ਬੇਸ਼ਕ, ਅਸੀਂ ਗ੍ਰਹਿਸਤੀ ਲੋਕ ਹਾਂ—ਪਰ, ਗੁਰੂ ਬਾਬੇ ਨਾਨਕ ਜੀ ਨੇ ਕਰਤਾਰਪੁਰ ਵਿਚ 18 ਸਾਲਾਂ ਦਾ ਗ੍ਰਹਿਸਤ ਜੀਵਨ ਬਿਤਾ ਕ—ਗੁਰਸਿਖਾਂ ਨੂੰ ਗ੍ਰਹਿਸਤ ਜੀਵਨ ਵਿਚ ਰਹਿ ਕੇ ਨਾਮ ਜਪਣ ਦਾ ਸਬੂਤ ਦਿਤਾ । ਗੁਰੂ ਜੀ ਫੁਰਮਾਂਦੇ ਹਨ—

ਜੈਸੇ ਜਲ ਮਹਿ ਕਮਲ ਨਿਰਾਲਮੁ ਮੁਰਗਾਈ ਨੀਸਾਣੇ ॥
ਸੁਰਤਿ ਸਬਦਿ ਭਵਸਾਗਰ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨ ਵਸਿਆ ਆਸਾ ਮਾਹਿ ਨਿਰਾਸੋ ॥
ਅਗਮ ਅਗੋਚਰ ਦੇਖ ਦਿਖਾਏ ਨਾਨਕ ਤਾਕਾ ਦਾਸੋ ॥

ਜਿਸ ਤਰ੍ਹਾਂ ਕਮਲ ਦਾ ਫੁਲ ਤ ਮੁਰਗਾਬੀ ਪਾਨੀ ਵਿਚ ਰਹਿੰਦੇ ਹਨ ਇਸ ਤਰ੍ਹਾਂ ਪਾਨੀ ਕਮਲ ਦੇ ਪੱਤੇ ਤੇ ਮੁਰਗਾਬੀ ਦੇ ਖੰਭਾਂ ਨੂੰ ਗਿੱਲਾ ਨਹੀਂ ਕਰਦਾ । ਇਸ ਤਰ੍ਹਾਂ ਗੁਰਸਿਖਾਂ ਨੂੰ ਵੀ ਗ੍ਰਹਿਸਤ ਵਿਚ ਰਹਿੰਦਿਆਂ ਮਾਇਆ ਦਾ ਸੇਕ ਨਹੀਂ ਲਗਦਾ । ਕਿਉਂਕਿ ਉਹ ਹਕ ਦੀ ਸੱਚੀ ਕਿਰਤ ਕਰਦੇ ਹਨ । ਕਿਸੇ ਦਾ ਹਕ ਨਹੀਂ ਦਬਦੇ ਤੇ ਆਪਣੀ ਕਮਾਈ ਨੂੰ ਚੰਗੇ ਪਾਸੇ ਖਰਚ ਕਰਦੇ ਹਨ । ਦੁਰਾਚਾਰੀ ਦੇ ਕੰਮਾਂ ਤੋਂ ਰੋਕਦੇ ਹਨ ।

ਇਹ ਹੈ ਗੁਰੂ ਬਾਬੇ ਨਾਨਕ ਦਾ ਸੰਦੇਸ਼, ਜਿਹੜਾ ਦਾਮ ਨੇ ਆਪਣੇ ਤੇ ਗੁਰਸਿਖਾਂ ਲਈ ਤਾਜ਼ਾ ਕੀਤਾ ਹੈ । ਜੇ ਅਸੀਂ ਆਪਣੇ ਮਨ ਗੁਰੂ ਬਾਬੇ ਨਾਨਕ ਦੀ ਬਾਣੀ ਨਾਲ ਜੋੜਾਂਗੇ ਤੇ ਉਪਰੋਕਤ ਸਿਖਿਆ ਨੂੰ ਅਖਾਂ ਸਾਹਮਣੇ ਰਖਾਂਗੇ—ਅਮਲ ਵਿਚ ਲਿਆਵਾਂਗੇ ਤਾਂ ਅਸੀਂ ਸਚੇ ਗ੍ਰਹਿਸਤੀ ਗੁਰਮੁਖ ਹਾਂ ਤੇ ਸਾਡਾ ਜੀਵਨ ਬਹੁਤ ਸੁਖਾਵਾਂ, ਪੱਧਰਾ ਹੋਵੇਗਾ ਅਤੇ ਕੋਈ ਵਡੀ ਤੋਂ ਵਡੀ ਮੁਸ਼ਕਲ ਸਾਡੇ ਅਗੇ ਨਹੀਂ ਠਹਿਰੇਗੀ, ਜਦੋਂ ਕਿ ਗੁਰੂ ਬਾਬਾ ਜੀ ਅੰਗ-ਸੰਗ ਹਨ ।

## ਜਨਮ ਦਿਵਸ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

239ਵਾਂ ਜਨਮ ਦਿਵਸ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦਾ ਊਨਾ ਸਾਹਿਬ ਵਿਖੇ 23 ਮਾਰਚ ਤੋਂ 30 ਮਾਰਚ ਤਕ ਬੜੀ ਧੂਮ ਧਾਮ ਨਾਲ ਮਨਾਇਆ ਗਿਆ । ਇਰਾਦਾ ਤਾਂ 111 ਅਖੰਡ ਪਾਠਾਂ ਦੀ ਸਮਾਪਤੀ ਦਾ ਸੀ ਪਰੰਤੂ ਸਤਿਗੁਰੂ ਦੀ ਮਿਹਰ ਦੁਆਰਾ ਉਪਰੰਤ ਸੰਗਤਾਂ ਦੇ ਬਹੁ-ਮੁਲੇ ਪਿਆਰ ਤੇ ਸਤਿਕਾਰ ਦਾ ਸਦਕਾ 147 ਅਖੰਡ ਪਾਠਾਂ ਦੀ ਸਮਾਪਤੀ ਹੋਈ ਤੇ ਇਤਨੇ ਹੀ ਜਪੁਜੀ ਸਾਹਿਬ ਦੇ ਅਖੰਡ ਪਾਠ ਕੀਤੇ ਗਏ । ਗੁਰੂ ਕਾ ਲੰਗਰ ਦਿਨ ਰਾਤ ਅਤੁਟ ਵਰਤਿਆ ਤੇ 27 ਮਾਰਚ ਨੂੰ ਆਪ ਦਾ ਬੜਾ ਭਾਰੀ ਜਲੂਸ ਨਿਕਲਿਆ ਜਿਸ ਵਿਚ ਲੋਕਲ ਅਤੇ ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਆਈਆਂ ਸੰਗਤਾਂ ਨੇ ਹਾਜ਼ਰੀ ਭਰ ਗੁਰੂ ਦੀ ਪਰਸੰਨਤਾ ਪਰਾਪਤ ਕੀਤੀ ।

## ਕਟਾਈ ਤੇ ਸੰਭਾਲ ਅਸਥਾਨਕ ਕਣਕ ਦੀ ਫਸਲ

ਬੜੀ ਪਰਸਨਤਾ ਨਾਲ ਸੰਗਤਾਂ ਪਿੰਡ ਅਬੂਵਾਲ, ਤਲਵੰਡੀ ਰਾਊਵਾਲ, ਗਰਚਾ ਜ਼ਿਲਾ ਲੁਧਿਆਣਾ ਦੀਆਂ ਸੰਗਤਾਂ ਨੇ ਆਪਣਾ ਕੰਮ-ਕਾਜ ਤਿਆਗ ਕੇ ਗੁਰੂ ਦੇ ਕਾਰਜ ਵਿਚ ਹਿਸਾ ਪਾ ਕੇ ਫਸਲ ਦੀ ਸੰਭਾਲ ਕੀਤੀ । ਸਤਿਗੁਰੂ ਸਚੇ ਪਾਤਸ਼ਾਹ ਕਿਰਪਾ ਕਰਨ ਕਿ ਗੁਰੂ ਦੇ ਭੰਡਾਰੇ ਸਦਾ ਹੀ ਭਰਪੂਰ ਰਹਿਣ ।

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਹੈਲਥ ਸੈਂਟਰ ਮਨਸੂਰਾਂ

ਸੰਗਤਾਂ ਨੂੰ ਇਹ ਪੜ੍ਹ ਕੇ ਬੜੀ ਪਰਸੰਨਤਾ ਤੇ ਖੁਸ਼ੀ ਹੋਵੇਗੀ ਕਿ ਮਨਸੂਰਾਂ ਵਿਖੇ ਦਮਦਮਾ ਬਾਬਾ ਸਾਹਿਬ ਸਿੰਘ ਜੀ ਦਾ ਅਸਥਾਨ ਤਿਆਰ ਹੋ ਰਿਹਾ ਹੈ। ਸਰੋਵਰ ਤੇ ਇਮਾਰਤਾਂ ਬਣ ਚੁਕੀਆਂ ਹਨ। ਦਰਸ਼ਨੀ ਡਿਉਢੀ ਦੀਆਂ ਨੀਂਹਾਂ ਭਰੀਆਂ ਜਾ ਚੁਕੀਆਂ ਹਨ ਤੇ ਅਗੇ ਉਸਥਾਨਤਾ ਸ਼ੁਰੂ ਹੈ। ਬਾਬਾ ਜੀ ਨੇ ਪਾਤਸ਼ਾਹ ਦੇ ਨਾਂ ਤੇ ਅਸਥਾਨ ਵਿਖੇ ਗਰੀਬ ਗੁਰਸਿਖਾਂ ਲਈ ਫ਼ਰੀ ਹੈਲਥ ਸੈਂਟਰ ਬਰਾਉਨ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਖੋਲ੍ਹ ਦਿਤਾ ਹੈ।

ਉਦਘਾਟਨ ਸਮੇਂ ਡਿਪਟੀ ਕਮਿਸ਼ਨਰ ਸਾਹਿਬ ਲੁਧਿਆਣਾ ਤੇ ਇਲਾਕਾ ਨਿਵਾਸੀ ਜਨਤਾ ਨੇ ਬੜੀ ਖੁਸ਼ੀ ਪਰਗਟ ਕੀਤੀ ਜੋ ਗੁਰਗੱਦੀ ਵਲੋਂ ਐਡਾ ਵਡਾ ਸੁੰਦਰ ਅਸਥਾਨ ਕਾਇਮ ਹੋ ਰਿਹਾ ਹੈ।

ਇਸ ਅਸਥਾਨ ਲਈ ਮਈ ਤੇ ਜੂਨ 1975 ਨੂੰ ਇਕ ਹਜ਼ਾਰ ਰੁਪਇਆ ਬਰਾਊਨ ਹਸਪਤਾਲ ਨੂੰ ਅਸਥਾਨ ਵਲੋਂ ਡਾਕਰਟਾਂ ਅਤੇ ਨਰਸਾਂ ਦੀ ਸੇਵਾ ਤੇ ਦਵਾਈਆਂ ਲਈ ਦਿਤਾ ਜਾ ਚੁਕਾ ਹੈ। ਅਤੇ ਹਰ ਮਹੀਨੇ ਗੁਰਗੱਦੀ ਵਲੋਂ ਦਿਤਾ ਜਾਇਆ ਕਰੇਗਾ। ਇਸ ਸੈਂਟਰ ਤੋਂ ਅਨੇਕਾਂ ਸੰਗਤਾਂ ਸਰੀਰਕ ਤੌਰ ਤੇ ਵੀ ਲਾਭ ਉਠਾਉਣਗੀਆਂ। ਜਿਥੇ ਆਤਮਕ ਤੌਰ ਤੇ ਅਗੇ ਹੀ ਇਹਨਾਂ ਨੂੰ ਨਾਮ ਸਿਮਰਨ ਤੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਿਆ ਜਾਂਦਾ ਹੈ।

ਸੇਵਕ— ਗੁਰ ਗੱਦੀ

## ਜੋਤੀਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

16 ਤੋਂ ਲੇ ਕੇ 20 ਜੂਨ ਤਕ ਮਨਸੂਰਾਂ ਜ਼ਿ: ਲੁਧਿਆਣਾ ਵਿਖੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜੋਤੀਜੋਤ ਸਮਾਗਮ ਬੜੀ ਸਜ ਧਜ ਨਾਲ ਮਨਾਇਆ ਗਿਆ। ਆਪ ਦੀ ਯਾਦ ਵਿਚ ਸੰਗਤਾਂ ਮਨਸੂਰਾਂ ਨਿਵਾਸੀਆਂ ਨੇ ਆਪਣੇ ਟਰੈਕਟਰਾਂ ਤੇ ਟਰਾਲੀਆਂ ਨਾਲ ਬੜਾ ਭਾਰੀ ਜਲੂਸ ਕਢਿਆ। 19 ਜੂਨ ਨੂੰ ਸੰਗਤਾਂ ਜੋਧਾਂ ਨਿਵਾਸੀਆਂ ਨੇ ਵੀ ਟਰੈਕਟਰਾਂ ਰਾਹੀਂ ਬੜੀ ਸਜ ਧਜ ਨਾਲ ਦਮਦਮਾ ਅਸਥਾਨ ਮਨਸੂਰਾਂ ਤੋਂ ਜਲੂਸ ਕਢ ਕੇ ਬੈਂਡ ਬਾਜੇ ਤੇ ਕੀਰਤਨੀਆਂ ਨਾਲ ਦਮਦਮਾ ਅਸਥਾਨ ਜੋਧਾਂ ਪੁਜਿਆ। ਰਾਤ ਦਾ ਦੀਵਾਨ ਵੀ ਜੋਧਾਂ ਵਿਖੇ ਹੀ ਕੀਤਾ ਗਿਆ। ਬੇਅੰਤ ਸੰਗਤਾਂ ਨੇ ਇਸ ਸੇਵਾ ਵਿਚ ਹਿੱਸਾ ਪਾਇਆ। ਅਸੀਂ ਸੇਵਾਦਾਰ ਦਮਦਮਾ ਅਸਥਾਨ ਜੋਧਾਂ ਉਪਰੰਤ ਸਰਦਾਰ ਬਚਨ ਸਿੰਘ ਜੀ ਜੋਧਾਂ ਨਿਵਾਸੀਆਂ ਦੇ ਸ਼ੁਕਰ-ਗੁਜ਼ਾਰ ਹਾਂ ਜਿਨ੍ਹਾਂ ਨੇ ਸੰਗਤਾਂ ਨੂੰ ਲੱਸੀ-ਪਾਣੀ ਪਿਲਾਈ ਤੇ ਗਰਮੀ ਅਨੁਭਵ ਨਾ ਹੋਣ ਦਿਤੀ।

## ਗੁਰ ਗੱਦੀ ਵਲੋਂ ਗੁਰਧਾਮਾਂ ਦਾ ਇਮਾਰਤੀ ਪਰੋਗਰਾਮ

ਸੰਗਤਾਂ ਨੂੰ ਇਹ ਜਾਣ ਕੇ ਪਰਸੰਨਤਾ ਹੋਵੇਗੀ ਕਿ ਹੇਠ ਲਿਖੀਆਂ ਇਮਾਰਤਾਂ ਤਾਂ ਮੁਕੰਮਲ ਹੋ ਚੁਕੀਆਂ ਹਨ, ਅਗੇ ਪਰੋਗਰਾਮ ਜਾਰੀ ਹੈ :—

(੧) ਊਨਾ ਸਾਹਿਬ ਵਿਖੇ ਪੁਰਾਣੇ ਢਠੇ ਕਿਲੇ ਦੇ 71 ਕਮਰਿਆਂ ਉਪਰ ਲੈਂਟਰ ਪਾਏ ਜਾ ਚੁਕੇ ਹਨ ਜਾਂ ਬਣਾਏ ਗਏ ਹਨ ।

(੨) ਇਸ ਸਾਲ ਟਿੱਕਾ ਸਰਬਜੋਤ ਸਿੰਘ ਜੀ ਦਾ ਮਾਤਾ ਨੀਰਾ ਜੀ ਨਾਲ ਵਿਆਹ ਹੋਣ ਦੇ ਕਾਰਨ ਆਪ ਦੇ ਮਹਿਲ ਨਵੇਂ ਕਮਰੇ ਤਿਆਰ ਕੀਤ ਗਏ ਹਨ ।

(੩) ਅਸਥਾਨ ਵਲੋਂ ਇਕ ਹਜ਼ਾਰ ਰੁਪਇਆ ਉਪਰੰਤ ਇਕ ਹਜ਼ਾਰ ਛੇ ਸੌ ਰੁਪਇਆ ਰੈਡ ਕਰਾਸ ਵਰਗੀਆਂ ਸੰਸਥਾਂਵਾਂ ਲਈ ਅਸਥਾਨ ਵਲੋਂ ਭੇਟ ਕੀਤਾ ਗਿਆ । ਉਪਰੰਤ ਇਕ ਹਜ਼ਾਰ ਰੁਪਇਆ ਜ਼ਲਜ਼ਲੇ ਦੇ ਦੁਖੀ ਲੋਕਾਂ ਲਈ ਹਿਮਾਚਲ ਦੇ ਚੀਫ਼ ਮਨਿਸਟਰ ਸਾਹਿਬ ਨੂੰ ਦਿਤਾ ਗਿਆ । 561 ਰੁਪਏ ਊਨਾ ਸਾਹਿਬ ਦੇ ਸ਼ਮਸ਼ਾਨਘਾਟ ਨੂੰ ਬਨਾਉਣ ਲਈ ਗੁਰ ਗੱਦੀ ਵਲੋਂ ਦਾਨ ਦਿਤਾ ਗਿਆ ।

(੪) ਮਨਸੂਰਾਂ ਵਿਖੇ ਜਿਥੇ ਸੰਗਤਾਂ ਵਾਸਤੇ ਪੰਜਾਹ ਕਮਰੇ ਤਿਆਰ ਹੋ ਚੁਕੇ ਹਨ, ਅਕਾਸ਼ ਅਸਥਾਨ ਤੇ ਸਰੋਵਰ ਤਿਆਰ ਹੋ ਚੁਕਾ ਹੈ। ਉਥੇ ਇਸ ਸਾਲ ਵਿਚ ਸ੍ਰੀ ਹਜ਼ੂਰ ਦੀ ਰਿਹਾਇਸ਼ ਲਈ ਸੁੰਦਰ ਕਮਰੇ ਤਿਆਰ ਕੀਤੇ ਗਏ ਹਨ ।

ਨਾਲ ਹੀ ਦਰਸ਼ਨੀ ਡਿਊਢੀ ਦੇ ਬਨਾਉਣ ਲਈ 32 ਹਜ਼ਾਰ ਰੁਪਏ ਨੂੰ ਜਗਾ ਮੁਲ ਲੈ ਕੇ ਇਮਾਰਤ ਅਰੰਭ ਕਰ ਦਿਤੀ ਗਈ ਹੈ, ਜਿਸ ਦੇ 18 ਕਮਰੇ ਹਨ ਜਿਨ੍ਹਾਂ ਦੀ ਨੀਂਹ ਭਰੀ ਜਾ ਚੁਕੀ ਹੈ। ਤੀਜੀ ਮੰਜ਼ਲ ਤੇ ਪੁਜ ਕੇ ਡਿਉਢੀ ਦੀ ਡਾਟ ਲਾ ਦਿਤੀ ਜਾਵੇਗੀ ਤੇ ਉਪਰ ਸਤਿਗੁਰੂ ਦਾ ਗੁੰਬਦ ਤਿਆਰ ਹੋਵੇਗਾ ।

ਸੰਗਤਾਂ ਅਗੇ ਹੀ ਬੜਾ ਇਸ ਨਾਨਕ ਪਾਤਸ਼ਾਹ ਦੇ ਦਰ-ਘਰ ਨਾਲ ਪਿਆਰ ਕਰਦੀਆਂ ਹਨ ਤੇ ਆਪਣੀ ਨੇਕ ਕਮਾਈ ਨਿਛਾਵਰ ਕਰਦੀਆਂ ਹਨ । ਗੁਰੂ ਘਰ ਦੇ ਦਰ-ਘਰ ਨੂੰ ਅੰਗਰੇਜ਼ਾਂ 1848-49 ਵਿਚ ਤੋਪਾਂ ਬੀੜ ਕੇ ਇਮਾਰਤਾਂ ਢਹਿ-ਢੇਰੀ ਕੀਤੀਆਂ ਤੇ ਨੀਤੀ ਰਖੀ ਜੋ ਇਸ ਗੁਰੂ ਨਾਨਕ ਪਾਤਸ਼ਾਹ ਦੇ ਦਰ-ਘਰ ਨੂੰ ਉਠਣ ਨਾ ਦਿਤਾ ਜਾਵੇ । ਪਰ ਸੰਗਤਾਂ ਜਾਣਦੀਆਂ ਹੀ ਹਨ ਕਿ ਉਹ ਆਪਣੇ ਕਰਮ-ਧਰਮ ਤ ਪਿਛੇ ਨਹੀਂ ਰਹੀ ਤੇ ਅਜੇ ਤਕ ਵੀ ਪਾਤਸ਼ਾਹ ਦੇ ਪੂਰਿਆਂ ਤੇ ਚਲ ਰਹੀ ਹੈ । ਇਹ ਉਹ ਗੁਰੂ ਨਾਨਕ ਪਾਤਸ਼ਾਹ—ਬਾਬਾ ਸਾਹਿਬ ਸਿੰਘ ਜੀ ਦੀ ਸੰਤਾਨ ਹੈ ਜਿਸ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਪੰਜਾਬ ਦਾ ਦੇਸ਼ (ਮਾਤਰ ਭੂਮੀ) ਵਿਚੋਂ ਪਠਾਣ ਬਾਦਸ਼ਾਹਾਂ ਨੂੰ ਕਢਿਆ । ਗੁਰਸਿਖਾਂ ਨੂੰ ਅੰਮ੍ਰਿਤ ਛਕਾ ਕੇ ਤਿਆਰ-ਬਰ-ਤਿਆਰ ਕੀਤਾ ਤੇ ਸਿਖ ਰਾਜ ਕਾਇਮ ਹੋਇਆ । ਆਪਣੇ ਸੇਵਕ ਰਣਜੀਤ ਸਿੰਘ ਨੂੰ ਤਖਤੋ-ਤਾਜ ਦਾ ਮਾਲਕ ਬਣਾਇਆ। ੧੮੦੧ ਵੈਸਾਖੀ ਵਾਲੇ ਦਿਹਾੜੇ ਰਾਜ ਤਿਲਕ ਲਗਾ ਕੇ ਖਾਲਸੇ ਦਾ ਰਾਜ ਕਾਇਮ ਕੀਤਾ। ਅੰਗਰੇਜ਼ਾਂ ਦੇ ਆਉਣ ਤੇ ਆਪ ਦੇ ਸਪੁਤਰ ਬਾਬਾ ਬਿਕਰਮਾ ਸਿੰਘ ਜੀ ਨੇ ਦੇਸ਼ ਤੇ ਧਰਮ ਦਾ ਸਾਥ ਦਿਤਾ, ਇਸ ਲਈ ਸਾਰੀ ਉਮਰ (14 ਸਾਲ) ਅੰਗਰੇਜ਼ ਦੀ ਨਜ਼ਰਬੰਦੀ ਵਿਚ ਕਟੇ । ਇਸ ਘਰ ਦਾ ਕਾਇਮ ਕਰਨਾ ਗੁਰ ਸਿਖਾਂ ਦਾ ਕਰਤੱਵ ਧਰਮ ਤੇ ਸ਼ਾਨ ਹੈ। ਜਿਸ ਵਿਚ ਆਪ ਦੀ ਸਹਾਇਤਾ ਦੀ ਲੋੜ ਹੈ ।

ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥

# ਸੰਪਰਦਾਇਕ ਸਮਾਚਾਰ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ-ਨਸ਼ੀਨ ਵਲੋਂ ਪਿਤਾ-ਪੁਰਖੀ ਨਾਨਕ ਸ਼ਾਹੀ ਧਰਮ ਪ੍ਰਚਾਰ ਤੇ ਧਰਮ ਕਾਜ।

ਹੇਠ ਲਿਖੇ ਅਖੰਡ ਪਾਠਾਂ ਦੀ ਅਤੇ ਦੀਵਾਨਾਂ ਦੀ ਹੇਠ ਲਿਖੇ ਅਨੁਸਾਰ ਸਮਾਪਤੀ ਹੋਈ। ਇਹਨਾਂ ਸਮਿਆਂ ਤੇ ਪ੍ਰਚਾਰ, ਕੀਰਤਨ ਅਤੇ ਕਥਾ-ਵਿਚਾਰ ਹੁੰਦੀ ਰਹੀ—

੧੬ ਤੋਂ ੧੭-੩-੭੫ ਦੀਵਾਨ ਨਗਰ ਸੁਜੋਂ, ਜ਼ਿਲਾ ਜਾਲੰਧਰ।

੧੮-੩-੭੫ ਦੀਵਾਨ ਨਗਰ ਕਰਨਾਨਾ, ਜ਼ਿਲਾ ਜਾਲੰਧਰ।

੧੯-੩-੭੫ ਦੀਵਾਨ ਨਗਰ ਚੱਕ ਦਾਨਾ, ਜ਼ਿਲਾ ਜਾਲੰਧਰ।

੨੦ ਤੋਂ ੨੨-੩-੭੫ ਦਸਵੀਂ ਦੇ ਅਵਸਰ ਤੇ ਅਖੰਡ ਪਾਠ ਬੀਬੀ ਜਸਵੰਤ ਕੌਰ ਜੀ ਝਮਟ ਨਗਰ ਨਿਵਾਸੀ ਵਲੋਂ, ਤੇ ਦੀਵਾਨ ਸਜਿਆ।

੨ ਤੋਂ ੭-੪-੭੫ ਨਗਰ ਗਿੱਲਾਂ, ਜ਼ਿਲਾ ਲੁਧਿਆਣਾ ਦੇ ਸਕੂਲ ਵਿਖੇ ਸ: ਸੇਵਾ ਸਿੰਘ ਜੀ ਤੇ ਬੀਬੀ ਸੁਰਿੰਦਰ ਕੌਰ ਜੀ ਨੇ ਦੀਵਾਨ ਕਰਵਾਏ। ਨਗਰ ਨਿਵਾਸੀ ਹਰ ਰੋਜ਼ ਇਕੱਠੇ ਹੋ ਆਨੰਦ ਮਾਣਦੇ ਰਹੇ।

੬ ਤੋਂ ੭-੪-੭੫ ਸਵੇਰੇ ਤੋਂ ੮-੪-੭੫ ਰਾਤ | ਦੀਵਾਨ ਨਗਰ ਰਾਹੂਆਲ, ਜ਼ਿਲਾ ਲੁਧਿਆਣਾ ਦੇ ਗੁਰਦਵਾਰੇ ਵਿਖੇ ਹੋਏ ਤੇ ਸੰਗਤਾਂ ਨੇ ਗੁਰਬਾਣੀ ਦਾ ਅਨੰਦ ਮਾਣਿਆ।

੯-੪-੭੫ ਤੋਂ ੪-੬-੭੫ : ਸ੍ਰੀ ਹਜ਼ੂਰ ਜੀ ਨੇ ਸਤਿਗੁਰੂ ਜੀ ਦੀ ਬਖਸ਼ੀ ਹੋਈ ਅਨਮੁਲੀ-ਦਾਤ ਕਣਕ ਦੀ ਸੰਭਾਲ ਕੀਤੀ ਤੇ ਸ਼ੁਕਰਾਨੇ ਵਜੋਂ ਖਿਆਲਾ ਜ਼ਿਲਾ ਹੁਸ਼ਿਆਰ ਪੁਰ ਵਿਖੇ ਅਖੰਡ ਪਾਠ ਕਰਵਾਇਆ ਤੇ ਅਤੁਟ ਲੰਗਰ ਵਰਤਾਇਆ।

੧੯ ਤੋਂ ੨੧-੪-੭੫ ; ਦਸਵੀਂ ਦਾ ਪਰੋਗਰਾਮ ਮਨਸੂਰਾਂ ਵਿਖੇ ਮਨਾਇਆ ਗਿਆ। ਇਸ ਸਮੇਂ ਇਕ ਅਖੰਡ ਪਾਠ ਬੀਬੀ ਸੁਰਜੀਤ ਕੌਰ ਜੀ ਵਲੋਂ ਤੇ ਦੂਜਾ ਦਾਸ ਵਲੋਂ ਰਖਵਾਇਆ ਗਿਆ ਅਤੇ ਦੀਵਾਨ ਸਜਾਏ ਗਏ।

੧੮ ਤੋਂ ੨੦-੫-੭੫ ; ਮਨਸੂਰਾਂ ਵਿਖੇ ਦਾਸ ਵਲੋਂ ਅਖੰਡ ਪਾਠ ਰਖਵਾ ਕੇ ਦਸਵੀਂ ਬੜੀ ਸਜ ਧਜ ਨਾਲ ਮਨਾਈ ਗਈ।

# ਜੋਤੀ ਜੋਤ ਸਮਾਗਮ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ

੧੧ ਤੋਂ ੧੩-੬-੭੫ : ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਵਸ ਊਨਾ ਸਾਹਿਬ ਵਿਖੇ ਬੜੀ ਸਜ ਧਜ ਨਾਲ ਟਿੱਕਾ ਸਰਬਜੋਤ ਸਿੰਘ ਜੀ ਵਲੋਂ ਅਖੰਡ ਪਾਠ ਰਖਵਾ ਕੇ ਮਨਾਇਆ ਗਿਆ । ਇਸ ਸਮੇਂ ਮਨਸੂਰਾਂ ਵਿਖੇ ਵੀ ਖੁਲ੍ਹੀਆਂ ਛਬੀਲਾਂ ਵਰਤੀਂਦੀਆਂ ਰਹੀਆਂ ।

੧੫-੬-੭੫ : ਸ: ਗੁਰਦੀਪ ਸਿੰਘ ਜੀ ਤੇ ਆਪ ਦੀ ਧਰਮ-ਪਤਨੀ ਨੇ ਤੀਸਰੇ ਖੁਲੇ ਸੰਮਪਟ ਪਾਠ ਤਥਾ ਗੁਰਮੰਤਰ ਦਾ ਭੋਗ ਪਵਾਇਆ ਤੇ ਦੀਵਾਨ ਸਜਿਆ ਅਤੇ ੪ ਪਾਠ ਦੀ ਅਰੰਭਤਾ ਕੀਤੀ । ਆਪਦੀ ਦੁਕਾਨ ਚਾਵਲਾ ਮੈਡੀਕਲ ਸਟੋਰ ਦਾ ਉਦਘਾਟਨ ਕੀਤਾ ਗਿਆ ।

੧੬ ਤੋਂ ੨੦-੬-੭੫ : ਜੋਤੀ ਜੋਤ ਸਮਾਗਮ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਤੇ ਦਸਵੀਂ ਨੂੰ ਹੇਠ ਲਿਖੇ ੧੧ ਸਜਣਾਂ ਵਲੋਂ ਅਖੰਡ ਪਾਠ ਰਖ ਕੇ ਮਨਾਈ ਗਈ—

੧] ਬੀਬੀ ਸ਼ਾਮ ਕੌਰ ਜੀ ਕੰਮਬੋਹ ਮਾਜਰਾ [ਸੰਗਰੂਰ]
੨] ਸ: ਪਿਆਰਾ ਸਿੰਘ ਬਲਦੇਵ ਸਿੰਘ ਜੀ 'ਗਰੀਬ'
੩] ਸ: ਹੁਕਮ ਸਿੰਘ ਜੀ ਦੇ ਸਪੁਤਰ ਸੁਰਜੀਤ ਸਿੰਘ ਜੀ ਲੁਧਿਆਣਾ ।
੪] ਸ: ਸੁਰਜੀਤ ਸਿੰਘ ਜੀ ਝਮਟ (ਲੁਧਿਆਣਾ) ।
੫] ਸ: ਹਰਭਜਨ ਸਿੰਘ ਜੀ ਮਾਜਰੀ (ਲੁਧਿਆਣਾ)
੬] ਸ: ਸਤਿਨਾਮ ਸਿੰਘ ਜੀ ਅਰਨੇਜਾ ਗਿੱਲ ਰੋਡ, ਲੁਧਿਆਣਾ
੭] ਸ: ਗੁਰਚਰਨ ਸਿੰਘ ਜੀ ਰੜੀ ਮੁਹੱਲਾ, ਲੁਧਿਆਣਾ
੮] ਸ: ਸੁਰਜੀਤ ਸਿੰਘ ਜੀ ਜੜੀਆ, ਰੜੀ ਮੁਹੱਲਾ, ਲੁਧਿਆਣਾ
੯] ਸਰਬਜੋਤ ਸਰਵਸ ਸਟੇਸ਼ਨ ਮਨਸੂਰਾਂ (ਲੁਧਿਆਣਾ)
੧੦] ਦਾਸ ਵਲੋਂ ।
੧੧] ਸ: ਸੰਤੋਖ ਸਿੰਘ ਜੀ ਲੁਧਿਆਣਾ ।

ਉਪਰੋਕਤ ਪਰੋਗਰਾਮਾਂ ਤੇ ਸ੍ਰੀ ਹਜ਼ੂਰ ਦੀ ਹਾਜ਼ਰੀ ਹੋਈ, ਜਿਥੇ ਗੁਰਬਾਣੀ ਦਾ ਕੀਰਤਨ ਹੋਂਦਿਆਂ ਅਤੇ ਗੁਰੂ ਨਾਨਕਸ਼ਾਹੀ ਧਰਮ ਦਾ ਪਰਚਾਰ ਹੋਇਆ ਉਥੇ ਬਾਬਾ ਜੀ ਨੇ ਆਪਣਾ ਕਰਮ ਤੇ ਧਰਮ ਪਾਲਦਿਆਂ ਹੋਇਆਂ ਸੰਗਤਾਂ ਨੂੰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਸਚੇ ਸੁਚੇ ਕਾਰਨਾਮਿਆਂ ਦੀ ਯਾਦ ਤਾਜ਼ਾ ਕਰਵਾ, ਗੁਰੂ ਨਾਨਕ ਪਾਤਸ਼ਾਹ ਦੇ ਸੰਤਾਨਕ ਘਰ ਨਾਲ ਜੋੜਿਆ।

ਸਤਿਗੁਰੂ ਮੇਹਰ ਕਰਨ ਤੇ ਚਰਨਾਂ ਦੀ ਪ੍ਰੀਤੀ ਬਖਸ਼ਣ ਕਿ ਸੰਗਤਾਂ ਦਾ ਇਸ ਤਰ੍ਹਾਂ ਦਾ ਪਿਆਰ ਤੇ ਸੇਵਾ ਨਿਭਾ ਸਕੀਏ ।

ਸਤਿਨਾਮ ਸ੍ਰੀ ਵਾਹਿਗੁਰੂ ॥ ਨਾਮ ਚਿਤ ਆਵੈ ॥

## ਅਜੂਨੀ ਦੇ ਪਰੇਮੀਆਂ ਵਲੋਂ ਆਈ ਮਾਇਆ ਦਾ ਵੇਰਵਾ—

| | | |
|---|---|---|
| ੧ | ਸਰਦਾਰ ਪਰੇਮ ਸਿੰਘ ਜੀ ਐਤੀਆਣਾ | ੧੦) |
| ੨ | ਸਰਦਾਰ ਹਰਨਾਮ ਸਿੰਘ ਜਸਬੀਰ ਸਿੰਘ ਜੀ ਲੁਧਿਆਣਾ | ੧੧) |
| ੩ | ਸਰਦਾਰ ਸੁੰਦਰ ਸਿੰਘ ਜੀ ਦੂਆ, ਅਕਾਲ ਸਾਈਕਲ ਵਰਕਸ ਲੁਧਿਆਣਾ | ੧੧) |
| ੪ | ਸ: ਗਜਣ ਸਿੰਘ ਜੀ, ਜੇ. ਐਸ. ਸਲੂਜਾ ਵਰਕਸ, ਪਿੰਡੀ ਗਲੀ, ਲੁਧਿਆਣਾ | ੧੧) |
| ੫ | ਦੂਆ ਜਨਰਲ ਸਟੋਰ ਲੁਧਿਆਣਾ | ੧੧) |
| ੬ | ਸਰਦਾਰ ਜੋਗਿੰਦਰ ਸਿੰਘ ਜੀ | ੨੦) |
| ੭ | ਸਰਦਾਰ ਹਰਬੰਸ ਸਿੰਘ ਜੀ ਇੰਗਲੈਂਡ | ੧੦) |
| ੮ | ਸਰਦਾਰ ਬਲਵੰਤ ਸਿੰਘ ਜੀ | ੨੦) |
| ੯ | ਸਰਦਾਰ ਦਲੀਪ ਸਿੰਘ ਜੀ | ੧੦) |
| ੧੦ | ਸਰਦਾਰ ਮੋਹਕਮ ਸਿੰਘ ਜੀ ਜਗਰਾਓਂ | ੩੧) |
| ੧੧ | ਸ: ਕੁਲਦੀਪ ਸਿੰਘ ਜੀ ਲੁਧਿਆਣਾ (ਹਰ ਮਹੀਨੇ ਅਜੂਨੀ ਲਈ ਭੇਟਾ ਕਰਦੇ ਹਨ) | ੨੧) |
| ੧੨ | ਸਰਦਾਰ ਮਹਾਂ ਸਿੰਘ ਜੀ ਲੁਧਿਆਣਾ | ੧੦) |

ਸ: ਮਨੋਹਰ ਸਿੰਘ ਜੀ ਕਪੂਰਥਲਾ ਰਾਹੀਂ ਅਜੂਨੀ ਲਈ ਆਈ ਮਾਇਆ ਦਾ ਵੇਰਵਾ—

| | | |
|---|---|---|
| ੧ | ਸਰਦਾਰ ਕਲਿਆਣ ਸਿੰਘ ਜਸਪਾਲ ਸਿੰਘ ਜੀ ਕਪੂਰਥਲਾ | ੨੧) |
| ੨ | ਸਰਦਾਰ ਦੀਦਾਰ ਸਿੰਘ ਜੀ ਕਪੂਰਥਲਾ | ੧੧) |
| ੩ | ਸਰਦਾਰ ਮਨੋਹਰ ਸਿੰਘ ਜੀ ਸੇਵਕ ਕਪੂਰਥਲਾ | ੨੨) |
| ੪ | ਸਰਦਾਰ ਹਰਬੰਸ ਸਿੰਘ ਜੀ ਕਪੂਰਥਲਾ | ੧੧) |
| ੫ | ਸਰਦਾਰ ਪਰੀਤਮ ਸਿੰਘ ਜੀ ਕਪੂਰਥਲਾ | ੧੧) |
| ੬ | ਸ੍ਰੀ ਗਿਰਧਾਰੀ ਲਾਲ ਜੀ ਕਪੂਰਥਲਾ | ੧੧) |
| ੭ | ਸਰਦਾਰ ਸੋਭਾ ਸਿੰਘ ਹਰਭਜਨ ਸਿੰਘ ਜੀ ਲੁਧਿਆਣਾ | ੧੧) |
| ੮ | ਸਰਦਾਰ ਮਹਿਤਾਬ ਸਿੰਘ ਜੀ ਲੁਧਿਆਣਾ | ੧੧) |

## ਘਲੇ ਆਏ ਨਾਨਕਾ ਸਦੇ ਉਠੀ ਜਾਹਿ ॥

ਸ੍ਰੀ ਕੁੰਦਨ ਦਾਸ ਜੀ ਬੰਬਈ ਨਿਵਾਸੀ ਉਪਰੰਤ ਜੋ ਡਵੱਈ ਵਿਚ ਵਪਾਰ ਕਰਦੇ ਸਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਦਰ-ਘਰ ਦੇ ਅਨਿਨ ਭਗਤ ਤੇ ਸੇਵਾਦਾਰ ਸਨ, ਆਪਣੇ ਸਵਾਸ ਕਮਾਣ ਉਪਰੰਤ ਸਰੀਰ ਨੂੰ ਸੁਫਲਾ ਕਰਦੇ ਹੋਏ ਇਸ ਦੁਨੀਆਂ ਨੂੰ ਸਦਾ ਲਈ ਛਡ ਗਏ ਹਨ । ਆਪ ਦੀ ਮੌਤ ਬੰਬਈ ਵਿਖੇ ਹੀ ਹੋਈ ਜਿਸ ਦਾ ਗੁਰ ਗੱਦੀ ਵਲੋਂ ਸੋਗ ਪਰਗਟ ਕੀਤਾ ਗਿਆ । ਉਪਰੰਤ ਅਰਦਾਸ ਕੀਤੀ ਗਈ ਜੋ ਆਪ ਦੀ ਆਤਮਾ ਨੂੰ ਗੁਰੂ ਨਾਨਕ ਪਾਤਸ਼ਾਹ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ । ਉਪਰੰਤ ਆਪ ਦੇ ਪਰਵਾਰ ਨੂੰ ਸਤਿਗੁਰੂ ਦੇ ਭਾਣੇ ਨੂੰ ਮੰਨਣ ਦਾ ਬਲ ਬਖਸ਼ਣ । ਆਪ ਦੇ ਸਪੁਤਰ ਸ੍ਰੀ ਹੋਤੂ ਰਾਮ ਜੀ ਚੇਨਾਨੀ ਨੂੰ ਆਪ ਦੇ ਪੂਰਨਿਆਂ ਤੇ ਚਲਣ ਦਾ ਬਲ ਬਖਸ਼ਣ ।

# ਗੁਰ-ਵੰਸਾਵਲੀ

ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ    ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ    ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ, ਬਾਬਾ ਜਗਤ ਚੰਦ ਜੀ, ਬਾਬਾ ਹੰਸ ਰਾਜ ਜੀ    ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿਤ ਚੰਦ ਜੀ, ਬਾਬਾ ਪਹਾੜ ਚੰਦ ਜੀ, ਬਾਬਾ ਤਾਰਾ ਚੰਦ ਜੀ, ਬਾਬਾ ਫ਼ਤਹਿ ਚੰਦ ਜੀ, ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ, ਬਾਬਾ ਮਨਸਾ ਚੰਦ ਜੀ, ਬਾਬਾ ਆਸਾ ਚੰਦ ਜੀ, ਬਾਬਾ ਸੂਰਜ ਸਿੰਘ ਜੀ

ਬਾਬਾ ਨਿਹਾਲ ਚੰਦ ਜੀ, ਬਾਬਾ ਹਰਜਸ ਜੀ, ਬਾਬਾ ਦੀਪ ਚੰਦ ਜੀ, ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ    ਬਾਬਾ ਲੱਜਾਧਾਰੀ ਜੀ

ਬਾਬਾ ਕੁਇਰਸਿੰਘ ਜੀ, ਬਾਬਾ ਧਰਮ ਸਿੰਘ ਜੀ, ਬਾਬਾ ਅਜੀਤਸਿੰਘ ਜੀ, ਬਾਬਾ ਸਾਗਰਚੰਦ ਜੀ, ਬਾਬਾ ਅਵਤਾਰਚੰਦ ਜੀ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਬਿਸ਼ਨ ਸਿੰਘ ਜੀ    ਸ੍ਰੀ ਬਾਬਾ ਤੇਗ ਸਿੰਘ ਜੀ    ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ    ...    ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ    ...    ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ
(ਵਰਤਮਾਨ ਗੱਦੀ-ਨਸ਼ੀਨ)

ਟਿੱਕਾ ਸਰਬਜੋਤ ਸਿੰਘ ਜੀ



ਸ੍ਰੀ ਬਾਬਾ ਸਿਰੀਚੰਦ ਜੀ ਦੇ ਭੇਖ ਵਲੋਂ ਸ੍ਰੀ ਮਾਨ ਬਾਬਾ ਸਰਬਜੋਤ ਸਿੰਘ ਜੀ ਨੂੰ ਵਿਵਾਹ ਤੋਂ ਪਹਿਲਾਂ ਰੀਤੀ ਅਨੁਸਾਰ ਸ੍ਰੀ ਮਾਨ ਮਹੰਤ ਸੇਵਾ ਸਿੰਘ ਜੀ ਬਹਾਦਰਪੁਰ ਵਾਲੇ ਸਿਰੋਪਾ ਦੇ ਕੇ ਮੁੜ ਬਾਬਾ ਜੀ ਨੂੰ ਦੁਨੀਦਾਰ ਲਾੜਾ ਬਣਾ ਆਪਣੇ ਨਾਲ ਸੰਗਤ ਵਿਚ ਲਿਆ ਰਹੇ ਹਨ। ਨਾਲ ਸ੍ਰੀਮਾਨ ਬਾਵਾ ਸੰਤ ਦਾਸ ਜੀ ਗੁਪਾਲ ਨਗਰ ਜਾਲੰਧਰ ਵਾਲੇ ਹਨ।

←

ਸ੍ਰੀ ਬਾਬਾ ਸਰਬਜੋਤ ਸਿੰਘ ਜੀ ਵਿਵਾਹ ਤੋਂ ਬਾਅਦ ਆਪਣੀ ਧਰਮ ਪਤਨੀ (ਹੁਣ ਮਾਤਾ ਨੀਰਾ ਜੀ) ਨਾਲ ਦਰਬਾਰ ਸਜਾਇਆ। ਨਾਲ ਬਾਵਾ ਚਰਨ ਦਾਸ ਜੀ ਤੇ ਬਾਵਾ ਮਾਨਕ ਦਾਸ ਜੀ ਲੁਧਿਆਣੇ ਵਾਲੇ ਹਨ।

↓





ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਗੱਦੀ-ਨਸ਼ੀਨ ਜੋੜੀ ਨੂੰ, ਕਪੂਰਥਲੇ ਵਿਖੇ ਸਰਦਾਰਨੀ ਅਤੇ ਸਰਦਾਰ ਕਲਿਆਨ ਸਿੰਘ ਜੀ ਦੀ ਸਪੁੱਤ੍ਰੀ ਬੀਬੀ ਸੁਰਿੰਦਰ ਕੌਰ ਦੇ ਸ਼ੁਭ ਵਿਵਾਹ ਸਮੇਂ, ਅਸ਼ੀਰਵਾਦ ਦੇ ਰਹੇ ਹਨ ।

ਵਿਵਾਹ ਦੀਆਂ ਖੁਸ਼ੀਆਂ



ਸ੍ਰੀ ਬਾਬਾ ਸਰਬਜੋਤ ਸਿੰਘ ਜੀ ਦੇ ਸ਼ੁਭ ਵਿਵਾਹ ਸਮੇਂ ਸ. ਮਨੋਹਰ ਸਿੰਘ ਜੀ ਕਪੂਰਥਲੇ ਵਾਲੇ ਬਰਾਤ ਦੀ ਚੜ੍ਹਤ ਅਗੇ ਖੁਸ਼ੀਆਂ ਮਨਾ ਰਹੇ ਹਨ ।